ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ


1920 ਤੋਂ
ਸਾਲ 100 ਵਾਂ

Price: Rs.5/-


ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


ਜਿਲਦ 28
ਨੰਬਰ 18
Total Pages 44

੧ ਤੋਂ ੧੫ ਕੱਤਕ ੨੦੭੭ ਬਿ.
17 To 31 Oct. 2020

ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥ (ਮ.੧ -ਅੰਗ ੧੪੯)



ਜਪ ਪ੍ਰਯੋਗ ਦੌਰਾਨ ਸ੍ਰੀ ਸਤਿਗੁਰੂ ਜੀ,
ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਪਾਠ ਕਰਦੇ ਹੋਏ।



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਫਗਵਾੜੇ ਦੇ ਬੀਬੀਆਂ ਦੇ ਜਥੇ ਵੱਲੋਂ
ਆਸਾ ਦੀ ਵਾਰ (ਵਾਰੇ) ਦਾ ਕੀਰਤਨ

# ਸਤਿਜੁਗ

**੧ ਤੋਂ ੧੫ ਕੱਤਕ ੨੦੭੭ ਬਿ.**

**17 ਤੋਂ 31 ਅਕਤੂਬਰ 2020 ਈ:**

**ਜਿਲਦ 28, ਵੀਰਵਾਰ ਨੰਬਰ 18**


**ਸਤਿਜੁਗ**:ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**

*Harvendra Singh Hanspal*
*Gurbhej Singh Guraya*

**Editorial Board:**

*Suwarn Singh 'Virk'*
***Harpal Singh 'Sewak'***
***Sukhwinder Singh 'Lyall'***
*Sant Nishan Singh*
*Jaswant Singh 'Mast'*
*Bhajan Singh*
*Gurlal Singh*



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
***Taran Singh 'Bal'***
***Vishav Namdhari Sangat, Sri Bhaini Sahib***

***Satjug@sribhainisahib.com***



**ਪੱਤਰ ਵਿਹਾਰ ਦਾ ਪਤਾ :**

ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ-- ਜੀਵਨ ਅਤੇ ਵਿਕਾਸ ਦਾ ਆਧਾਰ ਕਿਸਾਨ ਅਤੇ ਮਜ਼ਦੂਰ
ਹਰਪਾਲ ਸਿੰਘ ਸੇਵਕ.......4
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ.......6
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.......6
* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ.......7
* ਠੰਢੀ ਮੂਰਤ! ਹਿਮਾਲਾ!! ਸ਼ਾਂਤ! ਮਹਾਂ ਸ਼ਾਂਤ!!
ਸੂਬਾ ਹਰਭਜਨ ਸਿੰਘ (ਲੁਧਿਆਣਾ).......8
* ਪੰਜਾਬੀਆਂ ਵਿੱਚ ਸਰਬੱਤ ਦੇ ਭਲੇ ਦਾ ਸੰਕਲਪ
ਅਜੀਤ ਸਿੰਘ ਲਾਇਲ.......10
* ਨਿਰਮੋਹੀ ਰਾਜਾ
ਹਰਪਾਲ ਸਿੰਘ ਸੇਵਕ.......15
* ਰੱਬ ਜੀ
ਸੁਖਵਿੰਦਰ ਸਿੰਘ ਲਾਇਲ.......16
* ਆਧੁਨਿਕਤਾ ਦਾ ਅਸਰ, ਬਚੇ ਹੋਏ ਸੰਸਕਾਰਹੀਣ
ਅਲੀਸ਼ਾ.......18
* ਮਾਪਿਆਂ ਦੇ ਦੁੱਖੜੇ
ਸਪਿੰਦਰ ਸਿੰਘ ਰਾਣਾ.......19
* ਸਤਿਕਾਰ/ ਸਸਕਾਰ (ਗੱਲ ਹਾਸੇ ਦੀ)
ਨਰਿੰਦਰ ਕੌਰ ਮਠਾੜੂ.......20
* ਦਸਮ ਗੁਰਬਾਣੀ ਦੀ ਪ੍ਰਮਾਣਿਕਤਾ ਬਾਰੇ ਵਿਦਵਾਨਾਂ ਦੇ ਵਖਿਆਨ
ਹਰਪਾਲ ਸਿੰਘ ਸੇਵਕ.......21
* KARMA
Rohail Singh.......22
* ਗੁਰਮਤਿ ਵਿੱਚ ਬਿਬੇਕ ਦਾ ਸੰਕਲਪ
ਹਰਪਾਲ ਸਿੰਘ ਸੇਵਕ.......24
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ.......26
* A Saga of Sri Satguru Jagjit Singh ji
Dr. Sharada Jayagovind.......30
* ਕਾਵਿ-ਕਿਆਰੀ.......32
* ਸੁੱਚੇ ਮੋਤੀ.......33
* ਖਬਰਨਾਮਾ.......34




# ਜੀਵਨ ਅਤੇ ਵਿਕਾਸ ਦਾ ਆਧਾਰ ਕਿਸਾਨ ਅਤੇ ਮਜ਼ਦੂਰ

ਕੁਦਰਤ ਦੀ ਸਮੁੱਚੀ ਰਚਨਾ- ਜੀਵ ਜੰਤੂ, ਰੁੱਖ ਅਤੇ ਮਨੁੱਖ ਆਦਿ ਦੀ ਪੈਦਾਇਸ਼ ਪੰਜਾਂ ਤੱਤਾਂ: ਪੌਣ, ਪਾਣੀ, ਅਗਨੀ, ਧਰਤੀ ਅਤੇ ਆਕਾਸ਼ ਕਰਕੇ ਹੈ ਅਤੇ ਸਮੁੱਚੀ ਕਾਇਨਾਤ ਦੀ ਸਥਿਰਤਾ ਵੀ ਇਨ੍ਹਾਂ ਪੰਜ ਤੱਤਾਂ ਦੇ ਸੰਤੁਲਨ ਸਦਕਾ ਹੀ ਸੰਭਵ ਹੈ। ਸਤਿਗੁਰੂ ਰਾਮਦਾਸ ਸਾਹਿਬ ਕੇਡੀ ਅਟੱਲ ਸੱਚਾਈ ਬਿਆਨ ਕਰਦੇ ਹਨ-

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ।

ਪਾਣੀ, ਧਰਤੀ ਅਤੇ ਅਗਨੀ (ਸੂਰਜ) ਦੇ ਸੰਯੋਗ ਨਾਲ ਜੀਵਨ ਪੈਦਾ ਹੁੰਦਾ ਹੈ ਅਤੇ ਪੌਣ (ਸਾਹ ਲੈਣ) ਤੋਂ ਬਿਨਾਂ ਜੀਵਨ ਅੱਗੇ ਤੁਰ ਨਹੀਂ ਸਕਦਾ। ਇਸੇ ਲਈ ਗੁਰੂ ਸਾਹਿਬ ਪੌਣ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੰਦੇ ਹਨ। ਇਹ ਪੰਜੇ ਤੱਤ ਹੀ ਜੀਵਨ ਦਾ ਕਾਰਨ ਅਤੇ ਆਧਾਰ ਹਨ ਅਤੇ ਇਨ੍ਹਾਂ ਦਾ ਸੰਤੁਲਨ ਵੀ ਉਨ੍ਹਾਂ ਹੀ ਜ਼ਰੂਰੀ ਹੈ ਜਿੰਨੀ ਜ਼ਰੂਰੀ ਇਨ੍ਹਾਂ ਦੀ ਹੋਂਦ ਹੈ।

ਕਾਦਰ ਦੀ ਕਾਇਨਾਤ ਵਿੱਚ ਅਨੇਕ ਪ੍ਰਕਾਰ ਦੇ ਪਸ਼ੂ, ਪੰਛੀ, ਜੀਵ ਜੰਤੂਆਂ ਵਿੱਚੋਂ ਮਨੁੱਖ ਕੁਦਰਤ ਦੀ ਸਭ ਤੋਂ ਉੱਤਮ ਰਚਨਾ ਹੈ।

ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

ਗੁਰਵਾਕ ਅਨੁਸਾਰ ਮਨੁੱਖ ਦੀ ਧਰਤੀ ਤੇ ਸਰਦਾਰੀ ਹੈ ਬਾਕੀ ਸਭ ਜੂਨੀਆਂ ਇਸ ਦੀਆਂ ਪਾਣੀਹਾਰ ਭਾਵ ਨੌਕਰ ਹਨ। ਮਨੁੱਖ ਕੋਲ ਬੁੱਧੀ ਹੈ, ਗਿਆਨ ਹੈ ਇਸੇ ਲਈ ਮਨੁੱਖ ਸਰਬ ਸ਼੍ਰੇਸਟ ਹੈ। ਹਜ਼ਾਰਾਂ ਵਰ੍ਹਿਆਂ ਦੀ ਘਾਲਣਾ ਸਦਕਾ ਮਨੁੱਖ ਜੰਗਲੀ ਜੀਵਾਂ ਵਰਗੇ ਜੀਵਨ ਤੋਂ ਵਿਕਸਤ ਹੁੰਦਾ ਹੋਇਆ ਸੱਭਿਅ ਬਣਿਆ। ਇੱਕ ਸਮਾਜਿਕ ਪ੍ਰਾਣੀ ਵਜੋਂ ਮਨੁੱਖ ਨੇ ਘਰ, ਪਰਿਵਾਰ ਅਤੇ ਸਮਾਜ ਸਿਰਜਿਆ। ਤਕੜੇ ਤੋਂ ਡਰਨ ਤੇ ਕਮਜ਼ੋਰ ਨੂੰ ਡਰਾਉਣ ਵਾਲੀ ਪਸ਼ੂ ਬਿਰਤੀ ਦੇ ਸੁਭਾਅ ਕਰਕੇ ਜਦੋਂ ਕਬੀਲੇ ਇੱਕ ਦੂਸਰੇ ਨੂੰ ਲੁੱਟਣ ਖੋਹਣ ਅਤੇ ਮਾਰਨ ਲੱਗੇ ਤਾਂ ਆਪਣੀ ਸੁਰੱਖਿਆ ਲਈ ਰਾਜ ਹੋਂਦ ਵਿੱਚ ਆਏ, ਦੇਸ਼ ਬਣੇ। ਸਮਾਜਿਕ, ਸਦਾਚਾਰਕ, ਧਾਰਮਿਕ ਅਤੇ ਰਾਜਨੀਤਿਕ ਕਾਇਦੇ-ਕਾਨੂੰਨ ਬਣੇ। ਇੱਕੀਵੀਂ ਸਦੀ ਤੱਕ ਪੁੱਜਦਿਆਂ ਮਨੁੱਖ ਗਿਆਨ-ਵਿਗਿਆਨ ਸਦਕਾ ਉਨਤੀ ਦੀ ਸਿਖਰ ਤੇ ਪੁੱਜ ਚੁੱਕਾ ਹੈ ਪਰ ਲੋਭੀ ਅਤੇ ਸਵਾਰਥੀ ਬਿਰਤੀ ਕਾਰਨ ਬੇਸ਼ੱਕ ਲੁੱਟਣ, ਖੋਹਣ ਦੇ ਢੰਗ ਬਦਲ ਗਏ ਹਨ ਅਤੇ ਹਉਮੈਂ ਵੱਸ ਸਾਰਿਆਂ ਤੇ ਆਪਣੀ ਧੌਂਸ ਜਮਾਉਣ ਲਈ ਮਾਰੂ ਹਥਿਆਰ ਬਣਾਉਣ ਦੀ ਦੌੜ ਵਿੱਚ ਮਨੁੱਖ ਬਾਰੂਦ ਦਾ ਇਨ੍ਹਾਂ ਭੰਡਾਰ ਤਿਆਰ ਕਰ ਚੁੱਕਾ ਹੈ ਕਿ ਇਸ ਧਰਤੀ ਵਰਗੀਆਂ ਕਈ ਧਰਤੀਆਂ ਬੰਜਰ ਬਣਾਈਆਂ ਜਾ ਸਕਦੀਆਂ ਹਨ। ਇਸੇ ਕਾਰਣ ਪੂਰੇ ਸੰਸਾਰ ਵਿੱਚ ਅਸ਼ਾਂਤੀ ਹੈ- ਵੱਡੇ ਮਗਰਮੱਛ (ਪੂੰਜੀ-ਪਤੀ) ਛੋਟੀਆਂ ਮੱਛੀਆਂ (ਸਾਧਾਰਨ ਕਿਰਤੀ) ਨੂੰ ਨਿਗਲ ਜਾਣਾ ਚਾਹੁੰਦੇ ਹਨ। ਮਹਾਤਮਾ ਗਾਂਧੀ ਜੀ ਦਾ ਕਥਨ ਕੇਡਾ ਅਰਥ ਭਰਪੂਰ ਹੈ- 'The earth is enough for our need but not for our greed' ਇਹ ਧਰਤੀ ਸਾਡੀਆਂ ਲੋੜਾਂ ਪੂਰੀਆਂ ਕਰਨ ਲਈ ਤਾਂ ਕਾਫ਼ੀ ਹੈ ਪਰ ਸਾਡੇ ਲੋਭ ਦੀ ਪੂਰਤੀ ਨਹੀਂ ਕਰ ਸਕਦੀ।

ਜਿਵੇਂ ਜੀਵਨ ਦਾ ਆਧਾਰ ਪੰਜੇ ਤੱਤ ਹਨ ਇਸੇ ਤਰ੍ਹਾਂ ਅੱਜ ਦੇ ਸਮਾਜ ਵਿੱਚ ਵੀ ਮੁੱਖ ਪੰਜ ਪਹਿਲੂ ਹਨ। 1. ਖੇਤੀ 2. ਵਪਾਰ 3. ਉਦਯੋਗ 4. ਮਜ਼ਦੂਰੀ 5. ਰਾਜਨੀਤੀ। ਬੇਸ਼ੱਕ ਉਪਰੋਕਤ ਸਾਰੇ ਪਹਿਲੂਆਂ ਦਾ ਸਮਾਜ ਦੇ ਵਿਕਾਸ ਵਿੱਚ ਮਹੱਤਵਪੂਰਨ ਸਥਾਨ ਹੈ ਪਰ ਜੀਵਨ ਦਾ ਸਭ ਤੋਂ ਮਹੱਤਵਪੂਰਨ ਆਧਾਰ ਖੇਤੀ ਹੈ, ਕਿਸਾਨ ਹੈ ਅਤੇ ਵਿਕਾਸ ਦਾ ਆਧਾਰ ਕਿਰਤੀ ਹੈ, ਮਜ਼ਦੂਰ ਹੈ। ਕਿਉਂਕਿ ਕੇਵਲ ਮਨੁੱਖ ਹੀ ਹੈ ਜੋ ਖਾਣ ਵਾਸਤੇ ਖਾਦ-ਪਦਾਰਥ (ਅਨਾਜ, ਫਲ, ਸਬਜ਼ੀਆਂ ਵਗੈਰਾ) ਪੈਦਾ ਕਰਦਾ ਹੈ, ਉਸਦੇ ਭੰਡਾਰ ਜਮ੍ਹਾਂ ਕਰਦਾ ਹੈ।

ਬਾਕੀ ਸਭ ਜੀਵ ਜੰਤੂ, ਸ਼ਾਕਾਹਾਰੀ ਜਾਂ ਮਾਸਾਹਾਰੀ ਕੁਦਰਤ ਵੱਲੋਂ ਮਿਲਿਆ ਕੁਦਰਤੀ ਭੋਜਨ ਖਾਂਦੇ ਹਨ ਜਾਂ ਵੱਡੇ ਜੀਵ ਛੋਟਿਆਂ ਨੂੰ ਮਾਰ ਕੇ ਖਾਂਦੇ ਹਨ। ਬੇਸ਼ੱਕ ਮਨੁੱਖੀ ਜੀਵਨ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਜੁੱਲੀ ਅਤੇ ਗੁੱਲੀ ਭਾਵ ਰੋਟੀ, ਕੱਪੜਾ ਅਤੇ ਮਕਾਨ ਹਨ ਪਰ ਕੱਪੜਾ ਅਤੇ ਮਕਾਨ ਦੂਜੇ ਦਰਜੇ ਦੀ ਲੋੜ ਹੈ। ਸਭ ਤੋਂ ਪਹਿਲੀ ਅਤੇ ਜ਼ਰੂਰੀ ਲੋੜ ਹੈ ਭੋਜਨ। ਇਤਿਹਾਸ ਗੁਆਹ ਹੈ ਕਿ ਇਸੇ ਕਾਰਨ ਕਈ ਵੇਰ ਬਰਸਾਤ ਨਾ ਹੋਣ ਕਾਰਨ ਅਨਾਜ ਦੀ ਪੈਦਾਵਾਰ ਘੱਟ ਗਈ ਅਤੇ ਲੱਖਾਂ ਲੋਕ ਭੁੱਖ ਕਾਰਨ ਹੀ ਮਰ ਗਏ। ਇਸ ਲਈ ਜੀਵਨ ਦੀ ਸਭ ਤੋਂ ਮਹੱਤਵਪੂਰਨ ਲੋੜ ਭੋਜਨ ਦੀ ਪੈਦਾਵਾਰ ਦਾ ਸ੍ਰੋਤ ਖੇਤੀ ਹੈ ਅਤੇ ਪੈਦਾ ਕਰਦਾ ਹੈ ਕਿਸਾਨ। ਕਿਰਸਾਨੀ ਇੱਕ ਦਸਾਂ-ਨੌਂਹਾਂ ਦੀ ਕਿਰਤ ਦਾ ਧੰਦਾ ਹੈ। ਗੁਰੂ ਨਾਨਕ ਫ਼ਲਸਫ਼ੇ ਦਾ ਮੁੱਖ ਆਧਾਰ - ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਹੈ। ਗੁਰੂ ਸਾਹਿਬ ਵਪਾਰ ਵੀ ਕਰ ਸਕਦੇ ਸਨ ਪਰ ਆਪ ਜੀ ਨੇ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਖੇ ਖੇਤੀ ਕੀਤੀ। ਆਪ ਨੇ ਮਾਲਕ ਭਾਗੋ ਵਰਗੇ ਸ਼ਾਹੂਕਾਰਾਂ ਦੇ ਮੁਕਾਬਲੇ ਕਿਰਤੀ ਭਾਈ ਲਾਲੋ ਨੂੰ ਨਿਵਾਜਿਆ। ਕਿਸੇ ਭਲੇ ਸਮੇਂ ਵਿੱਚ ਖੇਤੀ ਦਾ ਦਰਜਾ ਸਭ ਤੋਂ ਉੱਤਮ ਸੀ। ਕਹਾਵਤ ਸੀ ਉੱਤਮ ਖੇਤੀ, ਮੱਧਮ ਵਪਾਰ ਅਤੇ ਨਖਿੱਧ ਚਾਕਰੀ। ਪਰ ਪਿਛਲੀਆਂ ਦੋ ਸਦੀਆਂ ਤੋਂ, ਜਦੋਂ ਤੋਂ ਉਦਯੋਗਿਕ ਕ੍ਰਾਂਤੀ ਆਈ, ਆਵਾਜਾਈ ਦੇ ਸਾਧਨ ਵਧੇ, ਵਪਾਰ ਵਧਿਆ, ਵਪਾਰੀ ਲੋਕ ਸਰਗਰਮ ਹੋਏ ਅਤੇ ਅੱਜ ਦੇ ਸਮੇਂ ਵਿੱਚ ਉੱਤਮ ਵਪਾਰ, ਮੱਧਮ ਚਾਕਰੀ ਅਤੇ ਨਖਿੱਧ ਖੇਤੀ ਹੁੰਦੀ ਜਾ ਰਹੀ ਹੈ। ਕਿਸਾਨ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋ ਕੇ ਖਾਦ ਵਸਤੂਆਂ ਪੈਦਾ ਕਰਦਾ ਹੈ, ਉਦਯੋਗਪਤੀ ਅਤੇ ਵਪਾਰੀ ਉਸ ਦੇ ਕੱਚੇ ਮਾਲ ਨੂੰ ਪ੍ਰੋਸੈਸ ਕਰਕੇ, ਪੈਕ ਕਰਕੇ, ਵੇਚ ਕੇ ਕਰੋੜਾਂ ਅਰਬਾਂ ਪਤੀ ਬਣ ਰਹੇ ਹਨ ਪਰ ਕਿਰਤੀ ਮਨੁੱਖ ਕਿਸਾਨ ਗਰੀਬੀ ਦੀ ਮਾਰ ਹੇਠ ਦੱਬਿਆ ਆਤਮ ਹੱਤਿਆ ਕਰਨ ਲਈ ਮਜਬੂਰ ਹੋ ਰਿਹਾ ਹੈ।

ਕਿਸਾਨ ਨੂੰ ਉਸ ਦੀ ਉਪਜ ਦਾ ਪੂਰਾ ਮੁੱਲ ਨਹੀਂ ਮਿਲਦਾ ਭਾਵੇਂ ਅਨਾਜ, ਕਪਾਹ ਜਾਂ ਫਲ ਸਬਜ਼ੀਆਂ ਹੋਣ ਪਰ ਫੈਕਟਰੀਆਂ ਵਿੱਚ ਉਸੇ ਕਿਸਾਨ ਦੀਆਂ ਪੈਦਾ ਕੀਤੀਆਂ ਵਸਤਾਂ ਤੋਂ ਬਣਿਆ ਕੱਪੜਾ, ਬਰੈੱਡ, ਬਿਸਕੁਟ, ਜੂਸ ਆਦਿ ਵਸਤੂਆਂ ਦੀਆਂ ਕੀਮਤਾਂ ਲਗਾਤਾਰ ਵਧਦੀਆਂ ਹਨ। ਖੇਤਾਂ 'ਚ ਆਲੂ, ਟਮਾਟਰ, ਪਿਆਜ਼ ਰੁਲਦੇ ਹਨ। ਕਿਸਾਨ ਕਈ ਵੇਰ ਲਾਗਤ ਮੁੱਲ ਤੋਂ ਅੱਧੇ ਤੋਂ ਘੱਟ ਵਿੱਚ ਵੇਚਣ ਲਈ ਵੀ ਮਜਬੂਰ ਹੁੰਦਾ ਹੈ। ਪਰ ਕੀ ਕਦੇ ਮਾਰਕੀਟ ਵਿੱਚ ਪੋਟੈਟੋ ਚਿਪਸ, ਟਮੈਟੋ ਸੌਸ ਆਦਿ ਵੀ ਰੁਲਦੇ ਹਨ। ਵਪਾਰੀ ਲੋਕ ਕਿਰਸਾਨੀ ਦਾ ਸ਼ੋਸ਼ਣ ਕਰਦੇ ਹਨ।


ਇਸ ਤੋਂ ਬਿਨਾਂ ਖੇਤੀ ਵਿੱਚ ਵਰਤੇ ਜਾਣ ਵਾਲੇ ਸੰਦ, ਖਾਦਾਂ, ਸਪਰੇਆਂ ਅਤੇ ਕਿਸਾਨ ਦੇ ਜੀਵਨ ਦੀਆਂ ਮੁੱਢਲੀਆਂ ਲੋੜਵੰਦ ਚੀਜ਼ਾਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ ਪਰ ਕੀ ਉਸ ਅਨੁਪਾਤ ਨਾਲ ਕਿਸਾਨ ਦੀ ਪੈਦਾਵਾਰ ਦਾ ਮੁੱਲ ਵੀ ਵਧਿਆ ਹੈ। ਇਹੋ ਕਾਰਣ ਹੈ ਕਿ ਕਿਸਾਨਾਂ ਦੇ ਬੱਚੇ ਖੇਤੀ ਛੱਡ ਕੇ ਹੋਰ ਧੰਦਿਆਂ ਵੱਲ ਜਾ ਰਹੇ ਹਨ। ਨੌਕਰੀਆਂ ਲੱਭ ਰਹੇ ਹਨ ਜਾਂ ਵਿਦੇਸ਼ਾਂ ਵੱਲ ਭੱਜ ਰਹੇ ਹਨ। ਜੇ ਇਹ ਦੌਰ ਕੁਝ ਦਹਾਕੇ ਹੋਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਕਿਸਾਨ ਆਪਣੀਆਂ ਜ਼ਮੀਨਾਂ ਵੇਚਣ ਲਈ ਮਜਬੂਰ ਹੋ ਜਾਣਗੇ।

ਹਰ ਪਰਿਵਾਰ, ਸਮਾਜ ਅਤੇ ਦੇਸ਼ ਦੀਆਂ ਵੱਖੋ-ਵੱਖ ਪ੍ਰਸਥਿਤੀਆਂ ਅਨੁਸਾਰ ਵੱਖੋ ਵੱਖ ਸਮੱਸਿਆਵਾਂ ਹੁੰਦੀਆਂ ਹਨ। ਭਾਰਤ ਪਿੰਡਾਂ ਦਾ ਦੇਸ਼ ਹੈ। ਇਹ ਖੇਤੀ ਪ੍ਰਧਾਨ ਦੇਸ਼ ਹੈ, ਥੋੜ੍ਹੀਆਂ ਜ਼ਮੀਨਾਂ ਵਾਲੇ ਛੋਟੇ ਜ਼ਿਮੀਂਦਾਰ ਹਨ। ਸੰਘਣੀ ਆਬਾਦੀ ਵਾਲਾ ਦੇਸ਼ ਹੋਣ ਕਰਕੇ ਬਹੁਗਿਣਤੀ ਗਰੀਬੀ ਦੀ ਮਾਰ ਹੇਠ ਹੈ। ਬਹੁਤ ਸਾਰੇ ਉਦਯੋਗ ਵੀ ਖੇਤੀ ਤੇ ਹੀ ਨਿਰਭਰ ਹਨ। ਅਜਿਹੀ ਸਥਿਤੀ ਵਿੱਚ ਪੇਂਡੂ ਲੋਕਾਂ ਦੀ ਖੁਸ਼ਹਾਲੀ ਤੋਂ ਬਿਨਾਂ ਦੇਸ਼ ਦਾ ਵਿਕਾਸ ਸੰਭਵ ਨਹੀਂ। ਇਸ ਤੋਂ ਬਿਨਾਂ ਸਾਡੇ ਦੇਸ਼ ਦੀ ਤ੍ਰਾਸਦੀ ਹੈ ਕਿ ਸਾਡੀਆਂ ਸਰਕਾਰਾਂ ਅਰਬਾਂ ਪਤੀ ਧਨਾਢ, ਸ਼ਾਹੂਕਾਰਾਂ ਦੀ ਕੱਠਪੁਤਲੀ ਹੁੰਦੀਆਂ ਹਨ। ਅਜੀਬ ਵਿਡੰਬਨਾਂ ਹੈ ਕਿ ਵਿਕਸਤ ਪੱਛਮੀ ਦੇਸ਼ਾਂ ਦੇ ਲੋਕ ਖੁਸ਼ਹਾਲ ਹਨ, ਅਮੀਰ ਹਨ ਪਰ ਨੇਤਾ ਸਾਧਾਰਨ ਹਨ। ਭਾਰਤ-ਪਾਕਿਸਤਾਨ ਵਰਗੇ ਦੇਸ਼ ਗ਼ਰੀਬ ਹਨ ਪਰ ਸਾਡੇ ਰਾਜ-ਨੇਤਾ ਕਰੋੜਾਂ ਅਰਬਾਂ-ਪਤੀ ਹਨ।

ਇਹ ਸਪੱਸ਼ਟ ਹੈ ਕਿ ਮਨੁੱਖ ਜਾਤੀ ਦੇ ਜੀਵਨ ਦਾ ਮੁੱਖ ਆਧਾਰ ਕਿਸਾਨ ਦੀ ਪੈਦਾਵਾਰ ਹੈ ਅਤੇ ਵਿਕਾਸ ਹੁੰਦਾ ਹੈ ਮਜ਼ਦੂਰ ਦੀ ਮਿਹਨਤ ਸਦਕਾ। ਕਹਿਣ ਮਾਤਰ ਇਹੋ ਪੜ੍ਹਦੇ ਸੁਣਦੇ ਹਾਂ ਕਿ ਤਾਜ ਮਹੱਲ ਬਾਦਸ਼ਾਹ ਸ਼ਾਹ ਜਹਾਂ ਨੇ ਬਣਾਇਆ ਅਤੇ ਭਾਖੜਾ ਡੈਮ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਬਣਾਇਆ ਪਰ ਅਜਿਹੇ ਕਾਰਜਾਂ ਵਿੱਚ ਉਨ੍ਹਾਂ ਬਾਦਸ਼ਾਹਾਂ ਤੇ ਨੇਤਾਵਾਂ ਨੇ ਤਾਂ ਲੋਕਾਂ ਤੋਂ ਟੈਕਸ ਦੇ ਰੂਪ ਵਿੱਚ ਇਕੱਠਾ ਕੀਤਾ ਧਨ ਹੀ ਖ਼ਰਚਿਆ। ਅਜਿਹੇ ਮਹਾਨ ਅਜੂਬੇ ਹੋਂਦ ਵਿੱਚ ਆ ਸਕੇ ਕੇਵਲ ਹਜ਼ਾਰਾਂ ਕਾਰੀਗਰਾਂ ਅਤੇ ਮਜ਼ਦੂਰਾਂ ਦੀ ਵਰ੍ਹਿਆਂ ਦੀ ਮਿਹਨਤ ਸਦਕਾ। ਦੇਸ਼ ਭਰ ਵਿੱਚ ਫੈਲਿਆ ਸੜਕਾਂ ਅਤੇ ਰੇਲਵੇ ਲਾਈਨਾਂ ਦਾ ਜਾਲ, ਅਕਾਸ਼ ਛੂੰਹਦੀਆਂ ਇਮਾਰਤਾਂ ਅਤੇ ਅਨੇਕਾਂ ਕਾਰਖਾਨੇ ਸਭ ਕੁਝ ਕਾਰੀਗਰਾਂ ਅਤੇ ਮਜ਼ਦੂਰਾਂ ਦੀ ਮਿਹਨਤ ਸਦਕਾ ਹੀ ਹੈ। ਸਾਡੇ ਦੇਸ਼ ਵਿੱਚ ਕਿਸਾਨ ਅਤੇ ਮਜ਼ਦੂਰ ਦੋਵੇਂ ਰੁਲ ਰਹੇ ਹਨ। ਅਮੀਰ ਹੋਰ ਅਮੀਰ ਹੋ ਰਿਹਾ ਹੈ ਅਤੇ ਗਰੀਬ ਹੋਰ ਗਰੀਬ। ਦੇਸ਼ ਦਾ ਸਰਬਪੱਖੀ ਵਿਕਾਸ ਤਦ ਸੰਭਵ ਹੈ ਜੇ ਕਿਸਾਨ ਦੀ ਪੈਦਾਵਾਰ ਦਾ ਪੂਰਾ ਮੁੱਲ ਮਿਲੇ ਅਤੇ ਮਜ਼ਦੂਰਾਂ ਨੂੰ ਪੱਛਮੀ ਦੇਸ਼ਾਂ ਵਾਂਗ ਪ੍ਰਤੀ ਘੰਟਾ ਪੂਰੀ ਮਜ਼ਦੂਰੀ ਮਿਲੇ। ਪਰ ਜੇ ਦੇਸ਼ ਦੀ ਕੁੱਲ ਸੰਪਤੀ ਦਾ 60-70% ਧਨ ਉਂਗਲਾਂ ਤੇ ਗਿਣੇ ਘਰਾਣਿਆਂ ਦੇ ਹੱਥਾਂ ਵਿੱਚ ਹੋਵੇਗਾ ਅਤੇ ਸਾਡੀਆਂ ਸਰਕਾਰਾਂ ਉਨ੍ਹਾਂ ਪੂੰਜੀ-ਪਤੀਆਂ ਦੇ ਵਿਕਾਸ ਨੂੰ ਹੀ ਦੇਸ਼ ਦਾ ਵਿਕਾਸ ਸਮਝਣੀਆਂ, ਫੇਰ ਤਾਂ ਇਸ ਦੇਸ਼ ਦਾ ਰੱਬ ਹੀ ਰਾਖਾ।

**- ਹਰਪਾਲ ਸਿੰਘ ਸੇਵਕ**

## ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ




ੴ

ਸਤਿਗੁਰਿ ਪ੍ਰਸਾਦਿ।

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਉਪਮਾ ਭਾਈ ਹਰੀ ਸਿੰਘ ਜੀ ਹੋਰ ਸੰਬੂਹ ਸੰਤ ਖਾਲਸੇ ਜੀ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ।

ਹੋਰੁ ਏਥੇ ਸਾਡੇ ਸੁਖ ਅਨੰਦ ਹੈ, ਆਪਕੀ ਸੁਖ ਸਤਿਗੁਰੂ ਪਾਸੋ ਮੰਗਦੇ ਹਾ। ਇਕ ਵਿਛੋੜੇ ਦਾ ਦੁਖ ਹੈ। ਹੋਰ ਅਸੀ ਬਹੁਤ ਰਾਜੀ ਹਾ, ਖਾਣ ਪੈਨਣ ਦਾ ਕੁਛ ਘਾਟਾ ਨਹੀ। ਜਗਾ ਬੀ ਬਡਾ ਸਾਰਾ ਬੰਗੁਲਾ ਹੈ। ਏਸ ਮੈ ਅਗੇ ਦਿਲੀ ਵਾਲਾ ਬਾਦਸਾਹੁ ਰਹਿੰਦਾ ਸੀ। .....

## ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਸਤਿਗੁਰਾਂ (ਸਤਿਗੁਰੂ ਪ੍ਰਤਾਪ ਸਿੰਘ ਜੀ) ਦੇ ਉਪਦੇਸ਼ ਵਾਰ-ਵਾਰ ਆਉਂਦਾ ਹੈ ਕਿ ਜਿਹੜੇ ਇੱਕ ਘੰਟਾ ਨਾਮ ਸਿਮਰਨ ਨਾ ਕਰਨਗੇ ਉਹ ਦੁਖੀ ਹੋਣਗੇ। ਤੁਸੀਂ ਸਾਰੇ ਪਰਿਵਾਰ ਹੋ ਮੇਰਾ, ਮੈਂ ਤੁਹਾਨੂੰ ਸਾਰਿਆਂ ਨੂੰ ਸੁਖੀ ਵੇਖਣਾ ਚਾਹੁੰਦਾ ਹਾਂ। ਇਹ ਇੱਕ ਘੰਟਾ ਕੁਝ ਵੀ ਨਹੀਂ, ਤੁਸੀਂ ਤਕੜੇ ਹੋ ਕੇ ਉੱਦਮ ਕਰੋ। ਨਾਮ ਸਿਮਰਨ ਕਰਿਆ ਕਰੋ ਸਾਰੇ।

ਆਪਿ ਜਪਹੁ ਅਵਰਾ ਨਾਮੁ ਜਪਾਵਹੁ।
ਸੁਨਤ ਕਹਤ ਰਹਤ ਗਤਿ ਪਾਵਹੁ॥

ਜਿਹੜੇ ਸਰੀਰ ਪੜ੍ਹੇ ਨੇ ਉਹ ਪੰਜ ਬਾਣੀਆਂ ਦਾ ਪਾਠ ਜ਼ਰੂਰ ਕਰਿਆ ਕਰਨ। ਦਿਨ ਰਾਤ ਸਾਡੀਆਂ ਗੱਲਾਂ ਨਹੀਂ ਮੁੱਕਦੀਆਂ ਪਰ ਉਮਰ ਮੁੱਕਦੀ ਜਾਂਦੀ ਹੈ ਇਹ ਨਹੀਂ ਖਲੋਂਦੀ। ਇਹ ਪਤਾ ਨਹੀਂ ਹੁੰਦਾ ਕਿ ਉਹ ਆਖਰੀ ਸਾਹ ਕਿਹੜਾ ਹੋਣਾ ਹੈ- ਜੇ ਨਾਮ ਸਾਡੇ ਮੂੰਹ ਵਿੱਚ ਹੋਵੇ ਜਿਵੇਂ ਲਿਫ਼ਾਫ਼ੇ ਉੱਪਰ ਲਿਖਿਆ ਨਾਮ (ਐਡਰੈੱਸ) ਲਿਫਾਫੇ ਨੂੰ ਉਸ ਜਗ੍ਹਾ ਲੈ ਜਾਂਦਾ ਹੈ। ਇਸੇ ਤਰ੍ਹਾਂ ਨਾਮ ਵੀ ਸਾਨੂੰ ਸਤਿਗੁਰੂ ਦੇ ਕੋਲ ਲੈ ਜਾਂਦਾ ਹੈ।

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**19 ਸਿਤੰਬਰ 2020** **ਸ੍ਰੀ ਭੈਣੀ ਸਾਹਿਬ**



ਪਰਮ ਸਤਿਕਾਰਯੋਗ ਸਾਧ ਸੰਗਤ ਜੀ, ਇਕ ਵਾਰ ਆਪਾਂ ਉਸ ਸਤਿਗੁਰੂ ਜੀ ਨੂੰ ਯਾਦ ਕਰੀਏ ਜਿਹਨਾਂ ਨੂੰ ਸਮਰਪਿਤ ਇਹ ਨਾਮ-ਸਿਮਰਨ ਜਪ ਪ੍ਰਯੋਗ ਚੱਲ ਰਿਹਾ ਹੈ। ਇਕ ਵਾਰੀ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ। ਮੈਂ ਗੱਲ ਇਹ ਕਰਨਾ ਚਾਹੁੰਦਾ ਹਾਂ ਕਿ ਇਸ ਜਪ ਪ੍ਰਯੋਗ ਨੂੰ ਕਰਨ ਦਾ ਕਾਰਨ ਕੀ ਹੈ? ਇਸ ਚੀਜ਼ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਹ ਗੱਲ ਕਰਨ ਦਾ ਕਾਰਨ ਇਹ ਹੈ ਕਿ ਬਹੁਤ ਸਾਰਿਆਂ ਨੇ ਇਹਦਾ ਮਤਲਬ ਬਸ ਏਨਾਂ ਹੀ ਕੱਢ ਲਿਆ ਹੈ ਕਿ ਆਪਾਂ ਸਿਰਫ਼ ਅਰਦਾਸ ਵਿੱਚ ਸ਼ਾਮਿਲ ਹੋ ਜਾਈਏ, ਬਾਕੀ ਉਸ ਤੋਂ ਬਾਅਦ ਕੋਈ ਗੱਲ ਨਹੀਂ। ਕੋਰੋਨਾ ਕਰਕੇ ਆਪਾਂ ਕਿਹਾ ਕਿ ਬਾਹਰੋਂ ਸੰਗਤ ਨਾ ਆਵੇ ਪਰ ਭੈਣੀ ਸਾਹਿਬ ਦੀ ਸੰਗਤ ਨੇ ਬੜੀ ਕਿਰਪਾ ਕੀਤੀ, ਮੰਦਰ ਵੀ ਭਰਿਆ ਸੀ, ਬਰਾਂਡੇ ਵੀ ਭਰੇ ਸੀ। ਜੇ ਮੈਂ ਗਲਤ ਨਾ ਹੋਵਾ ਤਾਂ ਸਾਢੇ ਤਿੰਨ ਚਾਰ ਵਜੇ ਮੰਦਰ ਕਾਫੀ ਖਾਲੀ ਵੀ ਹੋ ਗਿਆ ਸੀ। ਸੱਚੇ ਪਾਤਸ਼ਾਹ ਜੀ ਨੇ ਇਹ ਜਪ-ਪ੍ਰਯੋਗ ਇਸ ਲਈ ਸ਼ੁਰੂ ਕੀਤਾ ਸੀ ਕਿ ਆਪਾਂ ਵੱਧ ਤੋਂ ਵੱਧ ਨਾਮ ਸਿਮਰਨ ਕਰਕੇ, ਗੁਰਬਾਣੀ ਦਾ ਪਾਠ ਕਰਕੇ ਬਾਕੀ ਕਾਰ ਵਿਹਾਰ ਜਿਹਨਾਂ ਵੀ ਹੋ ਸਕੇ ਸੰਕੋਚ ਕੇ ਆਪਣੇ ਮਨ ਦੀ ਸ਼ੁੱਧੀ ਕਰੀਏ। ਬਾਕੀ ਸਾਰਾ ਸਾਲ ਆਪਣਾ ਕਾਰ ਵਿਹਾਰ ਵਿੱਚ ਲੱਗ ਜਾਂਦਾ ਹੈ ਤੇ ਆਪਾਂ ਨੂੰ ਟਾਇਮ ਨਹੀਂ ਮਿਲਦਾ। ਇਸ ਕਰਕੇ ਇਹ ਜਪ ਪ੍ਰਯੋਗ ਰੱਖਿਆ ਗਿਆ ਸੀ। ਪਰ ਸ਼ਾਇਦ ਇਹ ਚੀਜ਼ ਭੁੱਲ ਗਈ ਹੈ। ਮੈਂ ਅਰਜ਼ ਇਹ ਕਰਨਾਂ ਚਾਹੁੰਦਾ ਹਾਂ ਕਿ ਬੱਚਿਆਂ ਦਾ ਬਹੁਤ ਧੰਨਵਾਦ ਹੈ ਜਿਹਨਾਂ ਚਿਰ ਵੀ ਉਹ ਬੈਠਦੇ ਹਨ। ਬਾਕੀ ਤੁਸੀਂ ਇਹ ਕੋਸ਼ਿਸ਼ ਕਰੋ ਵੇਖੋ ਕਿ ਆਪਣਾ ਮਨ ਜੁੜਿਆ ਹੈ ਕਿ ਨਹੀਂ ਜੁੜਿਆ। ਕਈ ਵਾਰ ਆਪਾਂ ਬੱਦੇ-ਰੁੱਦੇ ਬੈਠੇ ਰਹਿੰਦੇ ਹਾਂ ਤੇ ਆਪਣਾ ਮਨ ਸਾਰੀ ਦੁਨੀਆਂ ਘੁੰਮ ਆਉਂਦਾ ਹੈ। ਮੰਨ ਟਿਕਣਾ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਹੈ। ਪਰ ਅਸੀਂ ਸਾਰੇ ਕੋਸ਼ਿਸ਼ ਜ਼ਰੂਰ ਕਰੀਏ ਕਿ ਸਾਡਾ ਮੰਨ ਸਾਰੇ ਪਾਸਿਆਂ ਤੋਂ ਹੱਟ ਕੇ ਸਿਰਫ਼ ਗੁਰਮੰਤਰ ਤੇ ਹੀ ਹੋਵੇ।

ਆਪਾਂ ਕੋਸ਼ਿਸ਼ ਕਰੀਏ, ਪੰਜ ਬਾਣੀਆਂ ਦਾ ਪਾਠ ਜ਼ਰੂਰ ਕਰੀਏ। ਜਿਨ੍ਹਾਂ ਤੋਂ ਪੰਜ ਬਾਣੀਆਂ ਨਹੀਂ ਹੁੰਦੀਆਂ ਸਵੇਰੇ ਜਪੁਜੀ ਸਾਹਿਬ, ਸ਼ਬਦ ਹਜ਼ਾਰੇ ਕਰ ਲਈਏ, ਸ਼ਾਮ ਨੂੰ ਰਹਿਰਾਸ, ਕੀਰਤਨ ਸੋਹਿਲੇ ਦਾ ਪਾਠ ਕਰ ਲਈਏ। ਪੰਜ ਬਾਣੀਆਂ ਦਾ ਪਾਠ ਕਰਕੇ ਵੀ ਜੇਕਰ ਤੁਹਾਡੇ ਕੋਲ ਟਾਇਮ ਹੈ ਤਾਂ ਨਾਲ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸ਼ੁਰੂ ਕਰ ਲਵੋ। ਤਾਂ ਕਿ ਵੱਧ ਤੋਂ ਵੱਧ ਸਾਡਾ ਟਾਇਮ ਇਸ ਕੰਮ ਵਿੱਚ ਹੀ ਬਤੀਤ ਹੋਵੇ।

ਏਸ ਕਰਕੇ ਮੈਂ ਇਹ ਅਰਜ਼ ਬੇਨਤੀ ਖਾਸ ਕਰਕੇ ਕਰਨਾ ਚਾਹੁੰਦਾ ਹਾਂ ਕਿ ਕੋਸ਼ਿਸ਼ ਕਰਿਆ ਕਰੋ ਕਿ ਨਾਮ-ਸਿਮਰਨ ਵਿੱਚ ਵੱਧ ਤੋਂ ਵੱਧ ਬੈਠਿਆ ਕਰੋ। ਮੈਂ ਸਮਝ ਸਕਦਾ ਹਾਂ ਕਿ ਬੈਠਣ ਤੇ ਜੀਅ ਨਹੀਂ ਕਰਦਾ, ਪਰ ਫਿਰ ਆਪਾਂ ਵੀ ਉਸ ਰਿਵਾਜ ਵਿੱਚ ਹੀ ਨਾ ਵੜ ਕੇ ਰਹਿ ਜਾਈਏ ਕਿ ਅਰਦਾਸ ਕੀਤੀ, ਹਾਜ਼ਰੀ ਲੱਗੀ ਤੇ ਚਲੇ ਗਏ। ਕੋਸ਼ਿਸ਼ ਕਰੀਏ ਕਿ ਆਪਣਾ ਮਨ ਜੁੜ ਸਕੇ। ਮੇਰਾ ਮਨ ਜੇ ਨਹੀਂ ਲੱਗਾ ਤਾਂ ਮੇਰਾ ਮਨ ਕਿਸ ਤਰ੍ਹਾਂ ਲੱਗ ਸਕਦਾ ਹੈ। ਕਿਰਪਾ ਸੱਚੇ ਪਾਤਸ਼ਾਹ ਜੀ ਨੇ ਕਰਨੀ ਹੈ। ਇਕ ਮਨ ਇਕ ਚਿੱਤ ਹੋ ਕੇ ਆਪਾਂ ਉਹਨਾਂ ਨੂੰ ਯਾਦ ਕਰੀਏ। ਫਿਰ ਕਿਸੇ ਚੀਜ਼ ਦਾ ਘਾਟਾ ਨਹੀਂ। ਤੇ ਸੱਚੇ ਪਾਤਸ਼ਾਹ ਜੀ ਦੀਆਂ ਵੀ ਖੁਸ਼ੀਆਂ ਮਿਲ ਸਕਣ। ਆਪਾਂ ਨਾਮ ਸਿਮਰਨ ਕਰਨ ਲਈ ਆਇਆ ਕਰੀਏ ਨਾ ਕਿ ਸਿਰਫ਼ ਹਾਜ਼ਰੀ ਲਵਾਉਣ ਲਈ ਹੀ। ਸਾਨੂੰ ਵੀ ਉਹ ਅਵਸਥਾ ਮਿਲ ਸਕੇ ਕਿ ਜਿੱਥੇ ਕੇਵਲ ਤੂੰ ਹੀ ਸਾਨੂੰ ਦਿਸੇ, ਹੋਰ ਤੇਰੇ ਤੋਂ ਬਿਨਾਂ ਕੋਈ ਦਿਸੇ ਹੀ ਨਾ। ਸਾਨੂੰ ਵੀ ਸਫਲ ਦਰਸ ਹੋਣ ਤੇਰੇ। ਕਿਰਪਾ ਤੇ ਉਹਨਾਂ ਹੀ ਕਰਨੀ ਹੈ ਪਰ ਸਾਡਾ ਮੰਗਣਾ ਤੇ ਫਰਜ਼ ਬਣਦਾ ਹੈ। ਕਿਉਂਕਿ ਜੇ ਇਹ ਕਿਰਪਾ ਹੋ ਗਈ ਤਾਂ ਬਾਕੀ ਸਾਰੀਆਂ ਗੱਲਾਂ ਵਿੱਚ ਹੀ ਆ ਜਾਣਗੀਆਂ। ਮੈਂ ਇੰਨੀਆਂ ਹੀ ਅਰਜ਼ਾਂ ਕਰਨੀਆਂ ਸਨ।

ਸਤਿ ਸ੍ਰੀ ਅਕਾਲ॥

# ਠੰਡੀ ਮੂਰਤੀ! ਹਿਮਾਲਾ!! ਸ਼ਾਂਤ! ਮਹਾਂ ਸ਼ਾਂਤ!!

## ਸ੍ਰੀ ਸਤਿਗੁਰੂ ਹਰੀ ਸਿੰਘ ਜੀ (3 ਕੱਤਕ, 19 ਅਕਤੂਬਰ- ਪ੍ਰਕਾਸ਼ ਪੁਰਬ ਤੇ ਵਿਸ਼ੇਸ਼)

**- ਸੂਬਾ ਹਰਭਜਨ ਸਿੰਘ (ਲੁਧਿਆਣਾ)**

ਨਾਮਧਾਰੀ ਜਥੇਦਾਰ ਹੱਲੇ ਦੀ ਇਕ ਰੀਤ ਗਾਇਆ ਕਰਦੇ ਸਨ "ਰੱਖੀ ਗੁਰੂ ਰਾਮ ਸਿੰਘ ਨੇ, ਨਹੀਂ ਤੇ ਖਾਲਸੇ ਦੀ ਰੀਤ ਮਿਟ ਜਾਂਦੀ।" ਸਿੱਖੀ ਬਾਗ ਤੇ ਆਈ ਪੱਤਝੜ ਸਮੇਂ ਸਤਿਗੁਰੂ ਰਾਮ ਸਿੰਘ ਜੀ ਬਸੰਤ ਬਹਾਰ ਬਣ ਪ੍ਰਗਟੇ। ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਸ਼ਬਦਾਂ ਵਿੱਚ ; 'ਸਿੱਖੀ ਬਾਗ ਖਿਜ਼ਾਂ ਜਦ ਗ੍ਰਸਿਆ, ਭਯੋ ਪੱਤ੍ਰ ਬਿਨ ਸਾਯਾ। ਰੂਪ ਬਸੰਤ ਦਾ ਧਾਰ ਕੇ ਬਾਬਾ ਦਿਨ ਬਸੰਤ ਦੇ ਆਯਾ।' ਜਦ ਸਿੱਖ ਨਾਮ ਬਾਣੀ ਅਤੇ ਸਿੱਖੀ ਰਹਿਤ - ਬਹਿਤ ਤਿਆਗ ਬੈਠੇ। ਨਸ਼ਈ, ਵਿਸ਼ਈ, ਲੋਭੀ ਅਤੇ ਸਵਾਰਥੀ ਹੋ ਗਏ। ਅਨੇਕਾਂ ਕੁਰਬਾਨੀਆਂ ਕਰਕੇ ਬਣਾਇਆ ਰਾਜ ਭਾਗ ਕੌਡੀਆਂ ਦੇ ਭਾਅ ਗਵਾ ਲਿਆ। ਪੰਜਾਬ ਵੀ ਬਰਤਾਨਵੀ ਸਾਮਰਾਜ ਦੇ ਗੁਲਾਮ ਹੋ ਗਿਆ।

ਅਜੇਹੇ ਨਿਰਾਸਤਾ ਭਰੇ ਸਮੇਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਨੂੰ ਮੁੜ ਨਾਮ ਤੇ ਬਾਣੀ ਨਾਲ ਜੋੜਿਆ-ਖਾਲਸਈ ਰਹਿਤ ਮਰਯਾਦਾ ਅਤੇ ਸਿੱਖੀ ਸਰੂਪ ਪੁਨਰ ਸੁਰਜੀਤ ਕੀਤਾ। ਕਲਿਜੁਗ ਵਿੱਚ ਸਤਿਜੁਗ ਲਾ ਦਿੱਤਾ।

ਫੀਮ,ਭੰਗ,ਪੋਸਤ,ਸ਼ਰਾਬ,ਮਾਸ,ਚੋਰੀ,ਜਾਰੀ,<br>
ਠੱਗੀ ਤਜ,ਥੀਏ ਸੰਤ,ਸਤਿਜੁਗ ਆ ਗਇਓ॥

ਉਸ ਸਮੇਂ ਦੇ ਅਟਕ ਤੋਂ ਜਮਨਾਂ ਤੱਕ ਦੇ ਵਿਸ਼ਾਲ ਪੰਜਾਬ ਵਿੱਚ ਸਿੱਖੀ ਦੀ ਨਿਆਰੀ ਸ਼ਾਨ ਮੁੜ ਕਾਇਮ ਹੋ ਗਈ। ਆਪ ਨੇ 1857 ਈ: ਦੀ ਵੈਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਤੋਂ ਜੰਗ-ਏ-ਆਜ਼ਾਦੀ ਦਾ ਬਿਗਲ ਵਜਾਇਆ। ਬਹੁ-ਮੁਖੀ ਆਜ਼ਾਦੀ ਸੰਗਰਾਮ ਆਰੰਭਿਆ। ਨਾਮਧਾਰੀ ਸਿੱਖਾਂ ਨੇ ਖਾਲਸੇ ਦੇ ਕੁਰਬਾਨੀਆ ਭਰੇ ਇਤਿਹਾਸ ਨੂੰ ਮੁੜ ਦੁਹਰਾਇਆ। ਪੰਥ ਦੀ ਸ਼ਾਨ ਬੁਲੰਦੀਆਂ ਤੇ ਸੀ ਪਰ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਰਾਤਾ ਭਾਈ ਬੁੱਧ ਸਿੰਘ ਜੀ ਆਪਣੀ ਕਿਰਤ-ਵਿਰਤ ਕਰਦੇ, ਪੰਥਕ ਕੰਮਾਂ ਵਿੱਚ ਅਜੇ ਤੱਕ ਆਪ ਦੀ ਕੋਈ ਵਿਸ਼ੇਸ਼ ਭੂਮਿਕਾ ਨਹੀਂ ਸੀ।- ਪ੍ਰਦੇਸ਼ ਗਵਨ (ਜਨਵਰੀ 1872) ਤੋਂ ਛੇ ਕੁ ਮਹੀਨੇ ਪਹਿਲੋਂ ਹੀ ਸਤਿਗੁਰੂ ਰਾਮ ਸਿੰਘ ਨੇ ਖੇਤਾਂ ਚੋਂ ਹਲ ਵਾਹ ਕੇ ਆ ਰਹੇ ਆਪਣੇ ਭਰਾਤਾ ਬੁੱਧ ਸਿੰਘ ਜੀ ਨੂੰ ਹੁਕਮ ਕੀਤਾ - 'ਵਾਹੀ ਕਰੋ ਨਾ, ਮਾਲਾ ਫੇਰੋ, ਸੇਵਾ ਫਰਜ਼ ਨਿਭਾਓ।' - ਸਤਿ ਬਚਨ, ਕਰ ਉੱਥੇ ਹੀ ਹੱਲ ਰੱਖ ਦਿੱਤਾ। ਸਤਿਗੁਰੂ ਜੀ ਨੇ ਆਪਣੇ ਨਾਲ ਲਿਆ, ਇਸ਼ਨਾਲ ਕਰਵਾ, ਲੰਗਰ ਚੋਂ ਦੋਹਾਂ ਭਾਈਆਂ ਇਕੱਠਿਆਂ ਬੈਠ ਲੰਗਰ ਛਕਿਆ। ਸਿੱਖਾਂ ਨੂੰ ਮੁਖਾਤਬ ਹੁੰਦਿਆ ਬਚਨ ਕੀਤਾ : "ਵੇਖੋ ਸਾਡੇ ਵਿੱਚ ਕੋਈ ਫਰਕ ਤਾਂ ਨਹੀਂ ਜਾਪਦਾ।"

ਅੰਮ੍ਰਿਤਸਰ, ਰਾਇਕੋਟ ਦੇ ਸ਼ਹੀਦੀ ਸਾਕੇ ਵਾਪਰੇ ਅਤੇ ਮਲੇਰਕੋਟਲੇ ਸ਼ਹੀਦੀ ਸਾਕੇ ਦੇ ਪਹਿਲੇ ਦਿਨ ਹੀ ਅੰਗ੍ਰੇਜ਼ ਹਕੂਮਤ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਆਪ ਦੇ ਪ੍ਰਮੁਖ ਸੂਬਿਆਂ ਨੂੰ ਜਲਾਵਤਨੀ ਦਾ ਫਰਮਾਨ ਸੁਣਾ ਦਿੱਤਾ। ਜਦ 17 ਜਨਵਰੀ ਰਾਤ ਨੂੰ 10 ਕੁ ਵਜੇ ਸਤਿਗੁਰੂ ਰਾਮ ਸਿੰਘ ਜੀ ਸੇਵਕ ਨਾਨੂੰ ਸਿੰਘ ਅਤੇ ਸੂਬਿਆਂ ਸਹਿਤ ਗੱਡੇ ਤੇ ਲੁਧਿਆਣੇ ਵਾਸਤੇ ਰਵਾਨਾ ਹੋਣ ਲੱਗੇ ਤਾਂ ਛੋਟੇ ਭਾਈ ਬੁੱਧ ਸਿੰਘ ਜੀ ਨੇ ਅਰਜ਼ ਕੀਤੀ : 'ਤੁਮ ਕਾਹੇ ਜਾਵਤੇ ਹੋ, ਈਹਾਂ ਤੋਂ ਸੁਹਾਵਤੇ ਹੋ, ਦਾਸ ਦੋਖ ਚਾਇ ਲੇ॥- "ਪਾਤਸ਼ਾਹ ਆਪ ਜੀ ਨਾ ਜਾਓ, ਇਹ ਸਿੱਖੀ ਫੁਲਵਾੜੀ ਆਪ ਦੇ ਸੰਭਾਲਣ ਦੀ ਹੈ। ਆਪ ਜੀ ਇੱਥੇ ਰਹੋ, ਇਹ ਸਾਰਾ ਦੋਸ਼ ਮੈਂ ਆਪਣੇ ਸਿਰ ਲੈ ਲੈਂਦਾ ਹਾਂ ਕਿ ਮਲੇਰਕੋਟਲੇ ਨੂੰ ਸਿੱਖਾਂ ਦਾ ਜਥਾ ਮੈਂ ਹੀ ਭੇਜਿਆ ਹੈ। ਮੈਂ ਜਾਂਦਾ ਹਾਂ, ਜਿੱਥੇ ਮਰਜੀ ਲੈ ਜਾਣ। ਆਪ ਜੀ ਪੰਥ ਨੂੰ ਸੰਭਾਲੋ।" - ਪਰ ਸਤਿਗੁਰੂ ਰਾਮ ਸਿੰਘ ਜੀ ਨੇ ਬਚਨ ਕੀਤਾ : "ਧਰਮ ਨਹੀਂ ਤੁਰਦਾ, ਮੇਰੇ ਗਿਆਂ ਬਿਨਾਂ। ਤੁਸੀਂ ਨਾਮ ਜਪੋ ਅਤੇ ਜਪਵਾਓ। ਪੰਥ ਦੀ ਸੇਵਾ ਕਰੋ।" - ਆਪਣੇ ਸੁਆਮੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਹੁਕਮ ਅੱਗੇ ਸੀਸ ਝੁਕਾ 'ਸਤਿ-ਬਚਨ' ਕੀਤਾ। ਏਸੇ ਦਿਨ ਤੋਂ ਹੀ ਨਾਮਧਾਰੀ ਪੰਥ ਤੇ ਬਰਤਾਨਵੀ ਹਕੂਮਤ ਦਾ ਦਮਨ ਚੱਕਰ ਸ਼ੁਰੂ ਹੋ ਗਿਆ।- ਸਤਿਗੁਰੂ ਰਾਮ ਸਿੰਘ ਜੀ ਨੂੰ ਲੁਧਿਆਣਾ ਤੋਂ ਇਲਾਹਾਬਾਦ ਫੇਰ ਵਾਇਆ ਕਲਕੱਤਾ ਰੰਗੂਨ (ਬਰਮਾਂ) ਵਿਖੇ ਭੇਜ ਦਿੱਤਾ, ਮੁਖੀ ਸੂਬਿਆਂ ਨੂੰ ਵੱਖੋ ਵੱਖ ਕਿਲਿਆਂ ਵਿੱਚ ਨਜ਼ਰਬੰਦ ਕਰ ਦਿੱਤਾ। 19 ਜਨਵਰੀ ਤੋਂ ਸ੍ਰੀ ਭੈਣੀ ਸਾਹਿਬ, ਡਿਓੜੀ ਤੇ ਸਥਾਈ ਪੁਲੀਸ ਚੌਂਕੀ ਸਥਾਪਿਤ ਕਰ ਦਿੱਤੀ। ਸਾਰੇ ਨਾਮਧਾਰੀ ਪੰਥ ਨੂੰ ਜ਼ੁਰਾਇਮ ਪੇਸ਼ਾ ਕਰਾਰ ਦੇ ਦਿੱਤਾ। ਇਕ ਪਿੰਡ ਤੋਂ ਦੂਸਰੇ ਪਿੰਡ ਜਾਣ ਲਈ ਵੀ ਸਿੱਖਾਂ ਨੂੰ ਠਾਣਿਓਂ ਆਗਿਆ ਲੈਣੀ ਪੈਦੀਂ।- ਸ੍ਰੀ ਭੈਣੀ ਸਾਹਿਬ ਪਹਿਲੋਂ ਪੰਜ ਅਤੇ ਫੇਰ 10 ਸਿੰਘ ਹੀ ਰੋਜ਼ਾਨਾ ਦਰਸ਼ਨ ਕਰਨ ਆ ਸਕਦੇ, ਫੇਰ ਛੇ ਮਹੀਨੇ ਨਹੀਂ ਸਨ ਆ ਸਕਦੇ।- ਅਜੇਹੇ ਅਤਿ ਸਖਤੀਆਂ ਦੇ ਦੌਰ ਵਿੱਚ 1875 ਈ: ਵਿੱਚ ਬਾਬਾ ਦਰਬਾਰਾ ਸਿੰਘ ਜੀ ਰਾਹੀਂ ਰੰਗੂਨ ਤੋਂ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਆਇਆ ਜਿਸ ਵਿੱਚ ਮਹਾਰਾਜ ਬੁੱਧ ਸਿੰਘ ਜੀ ਬਾਰੇ ਆਪ ਜੀ ਦਾ ਫਰਮਾਣ ਸੀ "ਇਸਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ, ਇਹ ਸਿੱਖੀ ਨੂੰ ਹਰੀ ਰੱਖੇਗਾ। ਇਸ ਨੂੰ ਸਿਰ ਕਰਤਾ ਜਾਨਣਾ। ਮੇਰੇ ਧੱਕੇ ਨੂੰ ਇਹ ਬਖ਼ਸ਼ ਲਵੇਗਾ ਪਰ ਇਹਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ।" ਭਾਈ ਲਹਿਣਾ ਜੀ ਵਾਂਗ ਹੀ ਨਾਮ ਬਦਲਕੇ ਅਨੇਕਾਂ ਵਰਦਾਨ ਬਖਸ਼ੇ। ਭਵਿਖਤਵਾਕ ਪੂਰੇ

ਹੋਏ-'ਦੋਨੋਂ ਭਈਆ ਏਕ ਸਰੂਪ ਕਰ ਭਾਸੇ। ਸਤਿਗੁਰ ਆਪ ਮੁਖਹੁ ਪ੍ਰਗਾਸੇ॥'- ਅਤਿ ਸਖਤੀਆਂ ਦੇ ਦੌਰ ਵਿੱਚ ਸਤਿਗੁਰੂ ਹਰੀ ਸਿੰਘ ਜੀ ਨੇ 34 ਵਰ੍ਹੇ ਨਾਮਧਾਰੀ ਪੰਥ ਦੀ ਸਾਂਭ ਸੰਭਾਲ ਕਰਦਿਆਂ ਨਾਮ ਬਾਣੀ ਦਾ ਪ੍ਰਵਾਹ ਜਾਰੀ ਰੱਖਿਆ। ਸਿੱਖੀ ਬਾਗ ਨੂੰ ਹਰਿਆ-ਭਰਿਆ ਰੱਖਿਆ ਤੇ ਆਜ਼ਾਦੀ ਦੀ ਜੋਤ ਨੂੰ ਜਗਦੀ ਰੱਖਿਆ ਅਤੇ ਸਦਾ ਵਰਤ ਲੰਗਰ ਜਾਰੀ ਰੱਖਿਆ। ਇਹੋ ਸਮਾਂ ਸੀ ਜਦੋਂ ਨਾਮਧਾਰੀ ਸਿੱਖਾਂ ਨੂੰ ਅਖੰਡ ਪਾਠ ਕਰਨ ਦੇ ਦੋਸ਼ ਵਿੱਚ 7-7 ਸਾਲ ਦੀਆਂ ਸਖਤ ਸਜਾਵਾਂ ਹੋਈਆਂ। ਕਈ ਸਿੰਘ ਕੈਦ ਦੌਰਾਨ ਹੀ ਸ਼ਹੀਦ ਹੋ ਗਏ। ਸ੍ਰੀ ਭੈਣੀ ਸਾਹਿਬ ਲੰਗਰ ਦੇ ਅੰਦਰ ਇਕ ਭੋਰੇ ਵਿੱਚ ਪੁਲਿਸ ਤੋਂ ਚੋਰੀ ਅਖੰਡ ਪਾਠ ਕੀਤੇ ਜਾਂਦੇ ਸਨ। - ਇਕ ਵੇਰ ਪੁਲਿਸ ਦੇ ਆਉਣ ਤੇ ਦੂਸਰੀ ਜਗ੍ਹਾ ਚੁਬਾਰੇ ਵਿੱਚ ਤੁਕ ਲੈ ਕੇ ਪਾਠ ਜਾਰੀ ਰੱਖਿਆ। ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਇਕ ਹੁਕਮਨਾਮੇਂ ਵਿੱਚ ਲਿਖਿਆ ਸੀ ਕਿ ਜਿਸ ਦਿਨ ਪਾਠ ਟੁੱਟੇ, ਮੈਨੂੰ ਬਹੁਤ ਕਸ਼ਟ ਹੋਇਆ।"

ਸਤਿਗੁਰੂ ਹਰੀ ਸਿੰਘ ਜੀ ਹਮੇਸ਼ਾ ਆਪਣੇ ਪ੍ਰਦੇਸੀ ਪ੍ਰੀਤਮ ਸਤਿਗੁਰੂ ਰਾਮ ਸਿੰਘ ਜੀ ਯਾਦ ਵਿੱਚ ਵੈਰਾਗੀ ਰਹਿੰਦੇ, ਨੀਵੀਂ ਪਾਈ ਰੱਖਣੀ, ਹਮੇਸ਼ਾਂ ਨੇਤਰ ਸਜਲ ਰਹਿਣੇ-'ਸੁਖ ਰਾਜ ਭੋਗ ਮਾਹਿ, ਰਹੇ ਸੋ ਵਿਯੋਗ ਮਾਹਿ। ਬਿਰਹੋਂ ਬੁਰੇ ਰੋਗ ਮਾਹਿ, ਨੇਤਰ ਗਵਾਇ ਲੇ।" ਹਮੇਸ਼ਾ ਵੈਰਾਗੀ ਰਹਿਣ ਕਰਕੇ ਆਖਰੀ ਅਵਸਥਾ ਵਿੱਚ ਆਪ ਦੀ ਨੇਤ੍ਰ ਜੋਤ ਬੰਦ ਹੋ ਗਈ। -

ਸਤਿਗੁਰੂ ਅਰਜਨ ਦੇਵ ਜੀ ਵਾਂਗ ਹੀ ਸਤਿਗੁਰੂ ਹਰੀ ਸਿੰਘ ਜੀ ਨੇ ਜਬਰ ਦਾ ਮੁਕਾਬਲਾ ਸਬਰ ਨਾਲ , ਧੀਰਜ ਨਾਲ ਕੀਤਾ। ਇਸੇ ਲਈ ਨਾਮਧਾਰੀ ਸਿੱਖ ਰੋਜ਼ਾਨਾਂ ਅਰਦਾਸ ਸਮੇਂ ਆਪਜੀ ਨੂੰ ਇਨ੍ਹਾਂ ਸ਼ਬਦਾਂ ਨਾਲ ਯਾਦ ਕਰਦੇ ਅਤੇ ਧਿਆਉਂਦੇ ਹਨ- 'ਜੋਤ ਕਾ ਜਾਮਾ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸਿਮਰੀਐ ਜਿਨਾਂ ਟੁੱਟੀ ਸਿੱਖੀ ਲਈ ਮਿਲਾਇ।'...

ਧੰਨ ਸਤਿਗੁਰੂ ਹਰੀ ਸਿੰਘ ਜੀ ਜਿਨ੍ਹਾਂ ਦਾ ਅਵਤਾਰ ਹੀ ਸਿੱਖੀ ਹਰੀ ਰੱਖਣ ਲਈ ਹੋਇਆ ਸੀ। ਸਿੰਘਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਨਾਲ ਪ੍ਰੇਰਣਾ ਹੋਈ। ਬਾਬਾ ਨੱਥਾ ਸਿੰਘ ਗਾਧੜੀ ਫਿਰੋਜ਼ਪੁਰ 1000/- ਰੁਪਿਆ, ਬਾਬਾ ਬਘੇਲ ਸਿੰਘ ਨਾਰਲੀ 1000/- ਰੁਪਇਆ, ਬਾਬਾ ਕਾਹਨ ਸਿੰਘ ਜੀ ਬੁਰਜ ਅੰਮ੍ਰਿਤਸਰ 1000/- ਤੇ ਗੱਡਾ ਭਰਿਆ ਅਨਾਜ ਦਾ ਬਲਦਾਂ ਸਮੇਤ ਭੇਟ ਕੀਤਾ। ਬਾਬਾ ਸੁਬੇਗ ਸਿੰਘ ਜੀ ਮਰ੍ਹਾਣਾ ਪੰਜ ਸੌ ਤੇ ਹੋਰ ਸਰੀਰਾਂ ਆਪਣਾ ਜੀਵਨ ਹੀ ਲੰਗਰ ਹਿੱਤ ਗੁਰੂ ਘਰ ਦੀ ਉਗਰਾਹੀ ਸੇਵਾ ਹਿੱਤ ਅਰਪਣ ਕੀਤਾ। ਇਹੋ ਜਿਹੇ ਸਮੇਂ 1899 ਸੰਨ 'ਚ ਬਾਗੜ 'ਚ ਕਾਲ ਪਵੇ ਤੇ ਹਜ਼ਾਰਾਂ ਦੀ ਗਿਣਤੀ ਚ ਸ਼ਰਨਾਰਥੀ ਲੰਗਰ ਲਈ ਆਉਣ ਤੇ ਪੰਗਤਾਂ ਲੱਗਦੀਆਂ ਹੀ ਰਹਿਣ, ਭੁੱਖੇ ਨੂੰ ਜਾਣ ਨਹੀਂ ਦਿੰਦੇ-

ਦੂਰੋਂ ਦੂਰੋਂ ਲੰਗਰ ਸੁਣ ਕੇ ਲੋਕ ਆਉਂਦੇ
ਭੈਣੀ ਹੋਈ ਮਸ਼ਹੂਰ ਸੰਸਾਰ ਸਾਰੇ।

ਸਤਿਗੁਰੂ ਪ੍ਰਤਾਪ ਸਿੰਘ ਦੀ ਭੀ 9 ਕੁ ਸਾਲ ਦੀ ਉਮਰ ਵਿੱਚ ਭੱਜ ਭੱਜ ਲੰਗਰ ਵਰਤਾਉਂਦੇ, ਕੜਾਹ ਪ੍ਰਸਾਦ ਭੀ ਮਿਲਦਾ, ਅੰਗਰੇਜ਼ ਅਫ਼ਸਰ ਸ੍ਰੀ ਭੈਣੀ ਸਾਹਿਬ ਇਹ ਸਭ ਸੁਣ ਵੇਖ ਖੁਸ਼ ਹੋਇਆ ਤੇ ਆਖਿਆ ਲੰਗਰ ਵਾਸਤੇ ਬਵੰਜਾ ਮੁਰੱਬੇ ਦਿੰਦੇ ਹਾਂ। ਪਰ ਵਾਹ! ਸਤਿਗੁਰੂ ਹਰੀ ਸਿੰਘ ਜੀ, ਬਚਨ ਕੀਤਾ- "ਲੰਡਨ ਦੀ ਜ਼ਮੀਨ ਤੇ ਦਿਓ ਤਾਂ ਲੈਂਦੇ ਹਾਂ ਇਹ ਤੇ ਮੁਲਕ ਹੀ ਸਾਡਾ ਹੈ। ਜਦੋਂ ਲਵਾਂਗੇ ਸਾਰਾ ਦੇਸ਼ ਲਾਵਾਂਗੇ।" ਭਿਆਨਕ ਸਮੇਂ 'ਚ ਸਿੱਖ ਬਾਹਰ ਹੀ ਰੇਤੇ ਤੇ ਬੈਠੇ ਰਹਿੰਦੇ, ਭੁੱਖੇ ਤਿਹਾਏ, ਸਤਿਗੁਰੂ ਜੀ ਬਾਹਰ ਜਾਣ ਦੇ ਬਹਾਨੇ ਗੜ੍ਹਵੇ 'ਚ ਦਾਲਾ ਪ੍ਰਸ਼ਾਦਾ ਲੈ ਜਾਂਦੇ ਤੇ ਸਿੱਖ ਤ੍ਰਿਪਤ ਹੋ ਰਹਿੰਦੇ। ਬਹੁਤ ਹੀ ਔਖਾ ਸਮਾਂ ਸੀ, ਬਹੁਤ ਕੁਝ ਵਾਪਰਿਆ। ਸਤਿਗੁਰੂ ਹਰੀ ਸਿੰਘ ਜੀ ਨੇ ਅਸਹਿ ਤੇ ਅਕਹਿ ਕਸ਼ਟ ਝੱਲ ਧੀਰਜ, ਸ਼ਾਂਤ ਤੇ ਸੀਤਲਤਾ ਦਾ ਸਰੋਤ ਬਣ ਨਾਮਧਾਰੀ ਪੰਥ ਹਰਾ ਰੱਖਿਆ ਮਾਤਾ ਜੀਵਨ ਕੌਰ ਜੀ ਸੰਘਣੀ ਛਾਂ ਬਣ ਦੇਸ਼ ਕੁਰਬਾਨੀ ਕਰਨ ਵਾਲੇ ਸਿੱਖਾਂ ਨੂੰ ਬੁੱਕਲ ਚ ਲੈ ਸੰਭਾਲਿਆ। ਸਤਿਗੁਰੂ ਹਰੀ ਸਿੰਘ ਜੀ ਸਦਾ ਨੀਵੀਂ ਪਾ ਰੱਖਦੇ ਤੇ ਜਦ ਨੇਤਰ ਉੱਪਰ ਕਰ ਕਿਰਪਾ ਕਰਦੇ, ਸੰਗਤ ਵਿਸਮਾਦੀ ਹੋ ਜੈ ਜੈਕਾਰ ਗਜਾਉਂਦੀ ਕਿਸੇ ਅਰਜ਼ ਕੀਤੀ ਜੀ ਹਰ ਵਕਤ ਨੀਵੀਂ ਪਾ ਧੌਣ ਹੇਠਾਂ ਹੀ ਰੱਖਦੇ ਹੋ, ਕਰੋ ਕ੍ਰਿਪਾ ਦਰਸ਼ਨ ਦਿਆ ਕਰੋ, ਕਿਉਂ ਨੀਵੀਂ ਪਾ ਰੱਖਦੇ ਹੋ। ਹੁਕਮ ਹੋਇਆ-

ਪੰਡ ਇਹ ਭਾਰੀ ਗੁਰਗੱਦੀ ਦੀ,
ਧਰ ਦਿੱਤੀ ਸਿਰ ਮੇਰੇ ਚੀਨੀ ਅਸਵਾਰ ਨੇ।
ਵਾਰਨੇ ਜਾਂਦਾ ਨਾਂਹ ਹੀ ਨਾ ਕਰ ਸਕਿਆ ਮੈਂ,
ਧੌਣ ਦੱਬ ਦਿੱਤੀ ਮੇਰੀ ਇਸ ਭਾਰੇ ਭਾਰ ਨੇ।

ਸਤਿਗੁਰੂ ਹਰੀ ਸਿੰਘ ਜੀ ਦਾ ਜੀਵਨ ਬਿਰਤਾਂਤ ਹਰਭਜਨ ਸਿੰਘ ਪਰਵਾਨਾ ਜੀ ਲਿਖਦੇ ਹਨ-

ਭੈਣੀ ਦੀ ਪਾਵਨ ਧਰਤੀ ਚੋਂ
ਵੱਜਿਆ ਸੀ ਬਿਗਲ ਆਜ਼ਾਦੀ ਦਾ।
ਜਿਸ ਜੂਲਾ ਤੋੜ ਗੁਲਾਮੀ ਦਾ
ਸਭ ਬਦਲਿਆ ਚਿੰਨ੍ਹ ਬਰਬਾਦੀ ਦਾ।
ਖੁਦ ਗਿਆ ਪ੍ਰਦੇਸ ਰੱਖ ਭਾਰ ਭਾਈ ਸਿਰ
ਪੰਥਕ ਕਾਰ ਵਿਹਾਰਾਂ ਦਾ।
ਇੱਕ ਰੂਪ ਰਾਮ ਪ੍ਰਤਾਪ ਹਰੀ
ਸੋਮਾ ਸੀ ਸ਼ਾਂਤ ਫੁਹਾਰਾਂ ਦਾ।
ਉਹਨੂੰ ਤੱਕਿਆਂ ਸੀਨੇ ਠੰਢ ਪੈਂਦੀ
ਖੇੜਾ ਸੀ ਗੁਲਜ਼ਾਰਾਂ ਦਾ॥

# ਪੰਜਾਬੀਆਂ ਵਿੱਚ ਸਰਬੱਤ ਦੇ ਭਲੇ ਦਾ ਸੰਕਲਪ

– ਅਜੀਤ ਸਿੰਘ ਲਾਇਲ

**ਸਿੱਖੀ** ਦਾ ਮੂਲ ਧੁਰਾ "ਨਾਮ ਜਪੋ,ਕਿਰਤ ਕਰੋ ਤੇ ਵੰਡ ਛਕੋ" ਹੈ। ਸਿੱਖੀ ਸਾਰੀ ਇਸੇ ਧੁਰੇ ਦੇ ਦੁਆਲੇ ਘੁੰਮਦੀ ਹੈ। ਸਾਡੇ ਸਤਿਗੁਰੂ ਸਹਿਬਾਨ ਨੇ ਇਸੇ ਸਿਧਾਂਤ ਦੇ ਪੂਰਨੇ ਪਾਏ ਹਨ ਤੇ ਇਸੇ ਸਿਧਾਂਤ ਨੂੰ ਦ੍ਰਿੜ ਕਰਵਾਇਆ ਹੈ। ਉਨ੍ਹਾਂ ਸਮਿਆਂ ਵਿੱਚ ਜਦੋਂ ਹਿੰਦੂ ਮੁਸਲਿਮ ਤੇ ਸਿੱਖ ਦਾ ਕੋਈ ਵਿਤਕਰਾ ਨਹੀਂ ਸੀ ਸਮਝਿਆ ਜਾਂਦਾ, ਉਸ ਵਕਤ ਤਕਰੀਬਨ ਸਾਰੇ ਪੰਜਾਬੀ, ਇਸੇ ਸਿਧਾਂਤ ਨੂੰ ਪਰਨਾਏ ਹੋਏ ਸਨ। ਕਿਉਂਕਿ ਸਾਡੇ ਸਤਿਗੁਰੂ ਸਹਿਬਾਨ ਪੰਜਾਬ ਦੀ ਧਰਤੀ ਤੇ ਹੋਏ ਹਨ ਅਤੇ 'ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਜਿਊਂਦਾ ਗੁਰਾਂ ਦੇ ਨਾਮ ਤੇ।' ਗੁਰੂ ਸਾਹਿਬਾਨ ਵਲੋਂ ਜੋ ਸਰਬੱਤ ਦੇ ਭਲੇ ਦਾ ਸਿਧਾਂਤ ਸੀ, ਉਸਨੇ ਸਾਰੇ ਪੰਜਾਬੀਆਂ ਨੂੰ ਮੋਤੀਆਂ ਦੇ ਇਕ ਹਾਰ ਵਾਂਗ ਪਿਰੋ ਦਿੱਤਾ ਸੀ ਉਹ ਸਿਧਾਂਤ ਸੀ "**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ**" ਇਸ ਲਈ ਸਾਰੇ ਪੰਜਾਬੀਆਂ ਨੇ ਸਤਿਗੁਰੂ ਸਹਿਬਾਨ ਦੇ ਇਸ ਸਿਧਾਂਤ ਨੂੰ ਆਪਣੇ ਸੁਭਾਉ ਦਾ ਹਿੱਸਾ ਹੀ ਬਣਾ ਲਿਆ ਸੀ। ਗੁਰੂ ਕਾ ਲੰਗਰ, ਵੰਡ ਛਕੋ ਦੇ ਇਸੇ ਸਿਧਾਂਤ ਦਾ ਹੀ ਪਰਚਲਨ ਹੈ ਜਿੱਥੇ ਸਿੱਖ ਸੰਗਤਾਂ ਆਪਣੇ ਵਿਤ ਮੁਜਬ ਆਪਣੀ ਕਮਾਈ ਚੋਂ ਇਸ ਸਰਬ-ਸਾਂਝੇ ਲੰਗਰ ਵਿਚ ਹਿੱਸਾ ਪਉਂਦੀਆਂ ਹਨ ਤੇ ਵੰਡ ਛਕਣ ਦੇ ਸਿਧਾਂਤ ਤੇ ਪਹਿਰਾ ਦਿੱਤਾ ਜਾਂਦਾ ਹੈ। ਅੱਜ ਵੀ ਸੰਸਾਰ ਭਰ ਵਿਚ ਸਿੱਖ-ਸੰਗਤਾਂ ਵਲੋਂ ਚਲਾਏ ਜਾਂਦੇ ਗੁਰੂ ਕੇ ਲੰਗਰ ਦੀ ਹਰ ਥਾਂ, ਹਰ ਦੇਸ਼ ਵਿਚ ਪ੍ਰਸ਼ੰਸਾ ਕੀਤੀ ਜਾਦੀ ਹੈ। ਜਿਥੋਂ ਬਿਨਾ ਕਿਸੇ ਮਜ਼ਹਬੀ ਵਿਤਕਰੇ ਅਤੇ ਰੰਗ ਜਾਂ ਜਾਤੀ ਭੇਦ ਦੇ ਹਰ ਵਿਅਕਤੀ ਇਸ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕ ਸਕਦਾ ਹੈ।ਗੁਰੂ ਅਮਰ ਦਾਸ ਜੀ ਦੇ ਵੇਲੇ ਦਾ ਵਾਕਿਆ ਹੈ, ਉਸ ਵਕਤ ਹਿੰਦੋਸਤਾਨ ਦਾ ਸਮਰਾਟ ਅਕਬਰ, ਸਤਿਗੁਰੂ ਜੀ ਦੇ ਦਰਸ਼ਨਾ ਨੂੰ ਗੋਇੰਦਵਾਲ ਪਹੁੰਚਦਾ ਹੈ ਤਾਂ ਹਜ਼ੂਰ ਬਚਨ ਕਰਦੇ ਹਨ "ਪਹਿਲੇ ਪੰਗਤ ਪਾਛੇ ਸੰਗਤ" ਭਾਵ ਪਹਿਲਾਂ ਗੁਰੂ ਕੇ ਲੰਗਰ ਵਿਚ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕੋ ਫਿਰ ਬੈਠ ਕੇ ਵਿਚਾਰਾਂ ਕਰਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਦੇ ਵਕਤ ਜੰਗ ਦੇ ਮੈਦਾਨ ਵਿਚ ਜਦੋਂ ਭਾਈ ਘਨਈਆ ਜੀ, ਬਿਨਾਂ ਕਿਸੇ ਆਪਣੇ ਪਰਾਏ ਦੇ ਭੇਦ ਭਾਵ ਦੇ ਫੱਟੜਾਂ ਨੂੰ ਪਾਣੀ ਪਿਲਾਉਣ ਲੱਗ ਪਏ ਤਾਂ ਸਤਿਗੁਰੂ ਜੀ ਕੋਲ ਪਹੁੰਚੀ ਸ਼ਿਕਾਇਤ ਤੇ ਭਾਈ ਘਨਈਏ ਦੀ ਗਰੂ ਸਾਹਿਬ ਅੱਗੇ ਪੇਸ਼ੀ ਹੋਈ ਤਾਂ ਪਾਤਸ਼ਾਹ ਜੀ ਨੇ ਜ਼ਖ਼ਮੀਆਂ ਦੇ ਫੱਟਾਂ ਤੇ ਮਰਹਮ ਲਾਉਣ ਲਈ ਮਰਹਮ ਦੀ ਡੱਬੀ ਦੇ ਕੇ ਉਸੇ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਹੀ ਦ੍ਰਿੜ ਕਰਵਾਇਆ ਜੋ ਗੁਰੂ ਨਾਨਕ ਦੇਵ ਜੀ ਨੇ ਪ੍ਰਚੱਲਤ ਕੀਤਾ ਸੀ ਅਤੇ ਸਾਰੇ ਸਤਿਗੁਰੂ ਸਾਹਿਬਾਨ ਨੇ ਦ੍ਰਿੜ ਕਰਵਾਇਆ।

ਸਤਿਗੁਰੂ ਰਾਮ ਸਿੰਘ ਜੀ ਨੇ ਵੀ ਨਾਮਧਾਰੀ ਸੰਗਤਾਂ ਨੂੰ ਹੁਕਮ ਕੀਤਾ ਕਿ ਕੋਈ ਗਊ ਦੀ ਰੱਤ ਨਾਲ ਲਿੱਬੜੀ ਛੁਰੀ ਹੱਥ ਵਿਚ ਲੈ ਕੇ ਵੀ ਜੇ ਤੁਹਾਡੇ ਦਰ ਤੇ ਆ ਜਾਵੇ ਤੇ ਤੁਹਾਡੇ ਕੋਲੋਂ ਪ੍ਰਸ਼ਾਦਾ ਮੰਗੇ ਤਾਂ ਤੁਸੀਂ ਉਸਨੂੰ ਵੀ ਪ੍ਰਸ਼ਾਦੇ ਤੋਂ ਮਨ੍ਹਾਂ ਨਹੀਂ ਕਰਨਾ।1860 ਈਸਵੀ ਵਿਚ ਜਦੋਂ ਅੰਨ ਦਾ ਕਾਲ ਪਿਆ ਹੋਇਆ ਸੀ ਤਾਂ 1861ਈ: ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਪ੍ਰੰਪਰਾਵਾਂ ਨੂੰ ਪੁਨਰ-ਸੁਰਜੀਤ ਕਰਦਿਆਂ ਸ੍ਰੀ ਭੈਣੀ ਸਾਹਿਬ ਵਿਖੇ ਸਦਾ-ਵਰਤ ਲੰਗਰ ਚਾਲੂ ਕਰ ਦਿੱਤਾ ਜੋ ਅੱਜ ਤੱਕ ਚੌਵੀ ਘੰਟੇ ਲੋੜ-ਵੰਦਾਂ ਲਈ ਖੁੱਲਾ ਰਹਿੰਦਾ ਹੈ।

**1899** ਈਸਵੀ ਵਿਚ ਜਦੋਂ ਬਾਗੜ(ਰਾਜਸਥਾਨ) ਵਿਚ ਕਾਲ ਪੈ ਗਿਆ ਤਾਂ ਹਜਾਰਾਂ ਦੀ ਗਿਣਤੀ ਵਿਚ ਭੁੱਖ ਦੇ ਮਾਰੇ ਬਾਗੜੀਆਂ ਨੇ ਸ੍ਰੀ ਭੈਣੀ ਸਾਹਿਬ ਵੱਲ ਰੁਖ ਕੀਤਾ ਅਤੇ ਇਨ੍ਹਾਂ ਕਾਲ-ਗ੍ਰਸਤਾਂ ਨੂੰ ਗੁਰੂ ਕੇ ਲੰਗਰ ਚੋਂ ਪ੍ਰਸ਼ਾਦਾ-ਪਾਣੀ ਅਤੇ ਕੱਪੜਾ-ਲੱਤਾ ਦਿੱਤਾ ਗਿਆ।ਜ਼ਿਕਰ ਹੈ ਕਿ ਇਸਦੀ ਕੰਨਸੋਅ ਸੁਣ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਸ੍ਰੀ ਭੈਣੀ ਸਾਹਿਬ ਆਇਆ ਤੇ ਇਹ ਸਭ ਕੁਝ ਵੇਖ ਸਤਿਗੁਰੂ ਹਰੀ ਸਿੰਘ ਜੀ ਨੂੰ ਬਾਰ ਵਿਚ 100 ਮੁਰੱਬਿਆਂ ਦੀ ਪੇਸ਼ਕਸ਼ ਕੀਤੀ ਜੋ ਸਤਿਗੁਰੂ ਹਰੀ ਸਿੰਘ ਜੀ ਇਹ ਕਹਿੰਦਿਆਂ ਠੁਕਰਾ ਦਿੱਤੀ ਹਿੰਦੋਸਤਾਨ ਦੀ ਜ਼ਮੀਨ ਤੇ ਹੈ ਹੀ ਸਾਡੀ, ਦੇਣੀ ਹੈ ਤਾਂ ਇੰਗਲਸਤਾਨ ਚ'ਦੇਹ।

ਅਕਸਰ ਪੰਜਾਬੀਆਂ ਦਾ ਸੁਭਾਉ ਹੈ, ਕੁਦਰਤੀ ਕਰੋਪੀ ਹੋਵੇ ਜਾਂ ਕੋਈ ਘਟਨਾ, ਦੁਰਘਟਨਾ, ਉਹ ਲੋੜ-ਵੰਦਾਂ ਦੀ ਸੇਵਾ ਲਈ ਬਹੁੜਦੇ ਹਨ। ਦਿਨ ਹੋਵੇ ਜਾਂ ਰਾਤ, ਧੁੱਪ ਹੋਵੇ ਜਾਂ ਛਾਂਅ, ਗਰਮੀ ਹੋਵੇ ਜਾਂ ਸਰਦੀ, ਅਜਿਹੀ ਕੋਈ ਰੁਕਾਵਟ ਵੀ ਉਨ੍ਹਾਂ ਦਾ ਰਸਤਾ ਨਹੀਂ ਰੋਕ ਸਕਦੀ।

ਕੁਝ ਪਿੱਛੇ ਨਾ ਜਾਈਏ 1998 ਈ: ਦੀ ਇਕ ਦੁਰਘਟਨਾ ਹੈ ਜਦੋਂ ਖੰਨੇ ਦੇ ਕੋਲ ਤੜਕ ਸਾਰ ਦੋ ਗੱਡੀਆਂ (ਟਰੇਨਾਂ) ਦੀ ਆਹਮੋ ਸਾਹਮਣੇ ਟੱਕਰ ਹੋ ਗਈ। ਅਜਿਹਾ ਹਾਦਸਾ ਵਾਪਰਿਆ ਕਿ ਜ਼ਖਮੀਆਂ ਦੇ ਚੀਕ ਚਿਹਾੜੇ ਨੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਦੀ ਨੀਂਦ ਹਰਾਮ ਕਰ ਦਿੱਤੀ। ਇਕ ਹਿੰਦੂ ਮਿਲਟਰੀ ਅਫਸਰ ਜੋ ਘਟਨਾ ਗ੍ਰਸਥ ਇਕ ਟਰੇਨ ਵਿਚ ਸਫ਼ਰ ਕਰ ਰਿਹਾ ਸੀ,ਉਸਦਾ ਅਨੁਭਵ ਹੈ ਕਿ ਮੈਂ ਸੁਣਿਆਂ ਸੀ ਕਿ ਪੰਜਾਬ ਦੇ ਲੋਕ ਬਹੁਤ ਚੰਗੇ ਹਨ। ਸਰਬੱਤ ਦਾ ਭਲਾ ਮੰਗਣ ਵਾਲੇ ਹਨ। ਪਰ ਅੱਜ ਇਹ ਮੈਂ ਆਪਣੀ ਅੱਖੀਂ ਵੇਖ ਲਿਆ। ਜਦੋਂ ਹਾਦਸਾ ਵਾਪਰਿਆ ਉਸ ਵਕਤ ਘੁੱਪ ਹਨੇਰ ਸੀ। ਦੋ ਜਾਂ ਤਿੰਨ ਵੱਜੇ ਹੋਣਗੇ। ਇਸ ਭਿਆਨਕ ਹਾਦਸੇ ਦੀ ਜ਼ੋਰਦਾਰ ਅਵਾਜ਼ ਅਤੇ ਫਿਰ ਜ਼ਖਮੀਆਂ ਦਾ ਚੀਕ ਚਿਹਾੜਾ ਸੁਣ ਕੁਝ ਪਲਾਂ ਵਿਚ ਹੀ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਆਪਣੇ ਟਰੈਕਟਰ, ਟਰਾਲੀਆਂ, ਕਾਰਾਂ, ਮੋਟਰਸਾਈਕਲ, ਸਕੂਟਰ ਤੇ ਗੱਡੇ ਤੇ ਰੇਹੜੇ ਲੈ ਕੇ ਘਟਨਾ ਵਾਲੀ ਜਗ੍ਹਾ ਤੇ ਪਹੁੰਚ ਗਏ ਅਤੇ ਜ਼ਖ਼ਮੀਆਂ ਨੂੰ ਚੁੱਕ ਚੁੱਕ ਕੇ ਆਲੇ-ਦੁਆਲੇ ਦੇ ਹਸਪਤਾਲਾਂ ਚ ਪਹੁੰਚਾਣ ਲੱਗੇ। ਉਨ੍ਹਾਂ ਨੇ ਆਪਣੀ ਜਾਨ ਤੇ ਖੇਡ ਕੇ ਗੱਡੀਆਂ ਚੋਂ ਲਾਸ਼ਾ ਕੱਢੀਆਂ। ਦਿਨ ਚੜ੍ਹਦੇ ਨੂੰ ਲੰਗਰ ਚਲਾ ਦਿੱਤੇ। ਦੋ ਸੌ ਤੋਂ ਵੱਧ ਮੌਤਾਂ ਵਾਲੀ ਜਗ੍ਹਾ ਤੇ ਲਾਸ਼ਾਂ ਕੱਢਣ ਵਾਲਿਆਂ ਤੇ ਪਹਿਚਾਣ ਲਈ ਅਉਣ ਵਾਲੇ ਲੋਕਾਂ ਲਈ ਇਨ੍ਹਾਂ ਵਲੋਂ ਪ੍ਰਸ਼ਾਦੇ ਅਤੇ ਚਾਹ-ਪਾਣੀ ਦਾ ਕੀਤਾ ਪ੍ਰਬੰਧ ਵੇਖ ਮੇਰੀਆਂ ਅੱਖਾਂ ਵਿਚ ਅਥਰੂ ਆ ਗਏ। ਇਹ ਸੋਚਦਿਆਂ ਕਿ ਇਹ ਲੋਕ ਤੇ ਦੇਵਤੇ ਹਨ ਜੋ ਇਸ ਧਰਤੀ ਤੇ ਵੱਸਦੇ ਹਨ ਜੇ ਭਾਰਤ ਦੇ ਕਿਸੇ ਹੋਰ ਥਾਂ ਅਜਿਹਾ ਹਾਦਸਾ ਵਾਪਰਦਾ ਤਾਂ ਲੁੱਟਣ ਵਾਲਿਆਂ ਨੇ ਪਹਿਲੋਂ ਆਉਣਾ ਸੀ।

ਇਸ ਹਾਦਸੇ ਦੀ ਖ਼ਬਰ ਜਦੋਂ ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਪਹੁੰਚੀ ਉਨ੍ਹਾਂ ਉਸੇ ਵਕਤ ਲਾਂਗਰੀਆਂ ਨੂੰ ਲੰਗਰ ਤਿਆਰ ਕਰਨ ਦਾ ਹੁਕਮ ਕੀਤਾ ਅਤੇ ਮਾਤਾ ਚੰਦ ਕੌਰ ਜੀ ਦੀ ਅਗਵਾਈ ਵਿਚ ਜ਼ਖਮੀਆਂ ਅਤੇ ਪੀੜਤਾਂ ਦੀ ਸਹਾਇਤਾ ਲਈ ਬਹੁਤ ਸਾਰੇ ਨਾਮਧਾਰੀ ਸਿੰਘਾਂ ਨੂੰ ਹਾਦਸੇ ਵਾਲੀ ਜਗ੍ਹਾ ਤੇ ਭੇਜਿਆ।

ਇਕ ਅਰਬ(ਮੁਸਲਮ)ਦੇਸ਼ ਵਿਚ, ਸਤਾਰਾਂ ਪੰਜਾਬੀ ਇਕ ਕਤਲ ਦੇ ਮੁਕੱਦਮੇਂ ਵਿਚ ਫਾਂਸੀ ਲਾਏ ਜਾਣੇ ਸਨ, ਉਨ੍ਹਾਂ ਨੂੰ ਦੁਬਈ ਵਿਚ ਵੱਸਦੇ ਇਕ ਧਨਾਡ ਪੰਜਾਬੀ ਐਸ.ਪੀ. ਸਿੰਘ ਉਬਰਾਏ ਨੇ ਤਿੰਨ ਕਰੋੜ ਤੋਂ ਵਧੇਰੇ ਦੀ ਰਕਮ (ਉਥੋਂ ਦੇ ਕਾਨੂੰਨ ਅਨੁਸਾਰ ਬਲੱਡ ਮਨੀ) ਅਦਾ ਕਰਕੇ ਉਨ੍ਹਾਂ ਪੰਜਾਬੀਆਂ ਨੂੰ ਫਾਂਸੀ ਦੀ ਸਜਾ ਤੋਂ ਮੁਕਤ ਕਰਵਾਇਆ ਤੇ ਉਨ੍ਹਾਂ ਦੇ ਘਰੀਂ ਭਿਜਵਾਇਆ। ਐਸ.ਪੀ.ਉਬਰਾਏ ਨਾਮ ਦੇ ਇਸ ਵਿਅਕਤੀ ਦੇ ਇਸ ਨਿਸ਼ਕਾਮ ਉੱਦਮ ਦਾ ਸਾਰਿਆਂ ਵਲੋਂ ਬਹੁਤ ਸਤਿਕਾਰ ਕੀਤਾ ਗਿਆ ਅਤੇ ਸਲਾਹਿਆ ਗਿਆ।

ਸੰਸਾਰ ਤੇ ਅਕਸਰ ਕੁਦਰਤੀ ਆਫਤਾਂ ਅਤੇ ਮਨੁੱਖ ਵਲੋਂ ਆਪਣੇ ਅਹੰ-ਭਾਵ ਲਈ ਆਪੂੰ ਸਹੇੜੀਆਂ ਜੰਗਾਂ, ਅੱਤਵਾਦੀ ਘਟਨਾਵਾਂ, ਖਾਨਾ-ਜੰਗੀ ਜਿਹੀਆਂ ਅਲਾਮਤਾਂ ਕਈ ਵਾਰ ਵਿਕਰਾਲ ਰੂਪ ਧਾਰ ਲੈਂਦੀਆਂ ਹਨ। ਕਹਾਵਤ ਹੈ ਕਿ ਮਨੁੱਖ ਦੀ ਫਿਤਰਤ ਅਜਿਹੇ ਔਖੇ ਸਮ੍ਹੇ ਹੀ ਪਹਿਚਾਣੀ ਜਾਂਦੀ ਹੈ। ਇਸ ਸੰਸਾਰ ਵਿਚ ਦੋ ਤਰ੍ਹਾਂ ਦੀ ਸੋਚ ਵਾਲੇ ਲੋਕ ਹਨ। ਇਕ ਲਾਲਚੀ, ਜਿਹੜੇ ਅਜਿਹੇ ਸਮ੍ਹੇ ਲੁਟੇਰੇ, ਜਾਲਮ, ਵਹਿਸ਼ੀ ਤੇ ਕਾਤਲ ਬਣ ਖਲੋਂਦੇ ਹਨ। ਦੂਸਰੇ ਉਹ ਜਿਨ੍ਹਾਂ ਦੇ ਮਨ ਵਿਚ ਮਨੁੱਖੀ ਦਰਦ ਤੇ ਹਮਦਰਦੀ ਭਰੀ ਹੁੰਦੀ ਹੈ। ਤੇ ਉਹ ਹੀ ਅਜਿਹੇ ਸਮੇਂ ਦੁੱਖੀ ਤੇ ਪੀੜਤ ਮਨੁੱਖਤਾ ਦਾ ਹੱਥ ਫੜਨ ਲਈ ਆਪਣੇ ਸੁੱਖ ਤਿਆਗ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਮੁਹਰਲੀਆਂ ਸਫਾਂ ਤੇ ਆ ਖਲੋਂਦੇ ਹਨ।

1999 ਈ: 'ਚ ਜਦੋਂ ਸੋਵੀਅਤ ਸ਼ਰਨਾਰਥੀ, ਮੰਦੇ-ਹਾਲੀਂ ਲੋਹੜੇ ਦੀ ਠੰਢ ਵਿਚ ਭੁੱਖਣ-ਭਾਣੇ ਡਿਗਦੇ-ਢਹਿੰਦੇ ਆਪਣੇ ਪਰਿਵਾਰਾਂ ਸਮੇਤ ਪਹਾੜੀ ਰਸਤਿਆਂ ਵਿੱਚੀਂ ਖੱਜਲ-ਖੁਆਰ ਹੁੰਦੇ ਹੋਏ ਗੁਆਂਡੀ ਮੁਲਕ ਅਲਬੀਨੀਆ ਵਿਚ ਸ਼ਰਨ ਲੈ ਰਹੇ ਸਨ। ਸੰਸਾਰ ਭਰ ਦੇ ਟੀ.ਵੀ. ਚੈਨਲ ਅਤੇ ਅਖਬਾਰਾਂ, ਉਨ੍ਹਾਂ ਸ਼ਰਨਾਰਥੀਆਂ ਦੀਆਂ ਤਰਸ ਯੋਗ ਹਾਲਤ ਦੀਆਂ ਤਸਵੀਰਾਂ ਅਤੇ ਖ਼ਬਰਾਂ ਵਿਖਾ ਰਹੇ ਸਨ। ਇੰਗਲੈਂਡ ਦੇ ਇਕ ਸ਼ਹਿਰ ਵਿਚ ਆਪਣੇ ਘਰ ਦੇ ਟੀ.ਵੀ. ਲਾਉਂਜ਼ ਵਿੱਚ ਬੈਠਾ ਇਕ ਤੀਹ ਸਾਲਾ ਸਿੱਖ ਨੌਜਵਾਨ ਰਵਿੰਦਰ ਸਿੰਘ ਇਹ ਖਬਰਾਂ ਸੁਣ ਰਿਹਾ ਸੀ ਅਤੇ ਆਪਣੇ ਅੱਗੇ ਟੇਬਲ ਤੇ ਪਈਆਂ ਅਖਬਾਰਾਂ ਫਰੋਲ ਰਿਹਾ ਸੀ। ਸ਼ਰਨਾਰਥੀਆਂ ਦੀ ਹਾਲਤ ਵੇਖ ਉਸਦੀਆਂ ਅੱਖਾਂ 'ਚੋਂ ਅੱਥਰੂ ਆਪ ਮੁਹਾਰੇ ਉਸ ਦੀਆਂ ਗੱਲ੍ਹਾਂ ਤੋਂ ਦੀ ਵਹਿ ਤੁਰੇ। ਉਸ ਨੂੰ ਆਪਣੇ ਗੁਰੂਆਂ ਦਾ ਸਰਬੱਤ ਦੇ ਭਲੇ ਦਾ ਸੰਦੇਸ਼ ਕੁਝ ਕਰਨ ਨੂੰ ਪ੍ਰੇਰ ਰਿਹਾ ਸੀ। ਉਸਦੀ ਅੰਤਰ-ਆਤਮਾ ਕਹਿ ਰਹੀ ਸੀ, ਰਵਿੰਦਰ ਸਿੰਘ ਉਠ ਅਲਬਾਨੀਆ ਚੱਲ, ਤੇਰਾ ਗੁਰੂ ਤੇਰੇ ਨਾਲ ਹੈ, ਜਾਹ ਤੇ ਜਾ ਕੇ ਇਨ੍ਹਾਂ ਦੁਖੀਆਂ ਲਾਚਾਰਾਂ ਦੀ ਸਾਰ ਲੈ। ਉਸਨੇ ਉੱਦਮ ਕੀਤਾ ਦੋ ਟਰੱਕਾਂ ਵਿਚ ਖਾਣ ਪੀਣ ਦਾ ਸਮਾਨ, ਦਵਾਈਆਂ ਤੇ ਕੱਪੜੇ,ਕੰਬਲ ਭਰੇ ਅਤੇ ਇਕ ਵੈਨ ਵਿਚ ਕੁਝ ਹੋਰ ਜਰੂਰੀ ਸਮਾਨ ਰੱਖ ਵੈਨ ਨੂੰ ਅੱਗੇ ਲਾ ਅਲਬੀਨੀਆ ਦੇ ਔਖੇ ਰਾਹਾਂ ਵੱਲ ਚੱਲ ਪਿਆ।

ਸ਼ਰਨਾਰਥੀਆਂ ਦੀਆਂ ਖਾਣ ਪੀਣ ਅਤੇ ਹੋਰ ਜਰੂਰੀ ਲੋੜਾਂ ਪੂਰੀਆਂ ਕੀਤੀਆਂ। ਇਨ੍ਹਾਂ ਸ਼ਰਨਾਰਥੀਆਂ ਲਈ ਤਾਂ ਇਹ ਸਿੱਖ ਉਨ੍ਹਾਂ ਦੀ ਸਾਰ ਲੈਣ ਲਈ ਰੱਬ ਵਲੋਂ ਭੇਜਿਆ ਕੋਈ ਪੈਗੰਬਰ ਹੀ ਸੀ ਜਿਸਨੇ ਇਸ ਹਾਲਤ ਵਿਚ ਬਿਖੜੇ ਰਾਹਾਂ ਦਾ ਸਫ਼ਰ ਕਰ ਕੇ ਉਨ੍ਹਾਂ ਦੀ ਸਾਰ ਲਈ ਸੀ।

ਅੱਜ ਇਹ ਗੁਰੂ ਦਾ ਸਿੱਖ ਰਵੀ ਸਿੰਘ, "**ਖਾਲਸਾ ਏਡ**"ਨਾਮ ਦੀ ਇਕ ਅੰਤਰ-ਰਾਸ਼ਟ੍ਰੀ ਪੱਧਰ ਦੀ ਸਰਬੱਤ ਦੇ ਭਲੇ ਦੀ ਸੰਸਥਾਂ ਦੀ ਅਗਵਾਈ ਕਰਦਾ ਹੈ ਜਿਹੜੀ ਸੰਸਥਾ ਸੰਸਾਰ ਭਰ ਵਿਚ ਫੈਲੇ ਆਪਣੇ ਸਹਿਯੋਗੀਆਂ ਨਾਲ ਹਰ ਉਸ ਕਮਿਊਨਿਟੀ ਦੀ ਜਿਹੜੀ ਕੁਦਰਤੀ ਆਫਤਾਂ, ਜੰਗਾਂ, ਅੱਤਵਾਦੀ ਹਮਲਿਆਂ ਜਾਂ ਘਰੇਲੂ ਖਾਨਾ-ਜੰਗੀ ਨਾਲ ਪੀੜਤ ਹੋਵੇ, ਬਿਨਾ ਕਿਸੇ ਰੰਗ, ਮਜ਼ਹਬ, ਜਾਤ ਜਾਂ ਅਮੀਰ ਗਰੀਬ ਦਾ ਭਿੰਨ ਭੇਦ ਕੀਤਿਆਂ, ਉਨ੍ਹਾਂ ਦੀ ਸਾਰ ਲੈਣ ਪਹੁੰਚਦੇ ਹਨ। ਇਹ ਪੀੜਤ ਬੇ-ਸ਼ੱਕ ਮੀਆਂਮਾਰ ਤੋਂ ਕੱਢੇ ਰੁਹੰਗੀਆ ਮੁਸਲਮਾਨ ਹੋਣ,ਜਾਂ ਇਰਾਕ ਵਿਚੋਂ ਉਜਾੜੇ ਅਤੇ ਮਾਰੇ ਜਾ ਰਹੇ ਜਜਦੀ ਮੁਸਲਮਾਨ ਜਾਂ ਯਮਨ ਦੀ ਖਾਨਾ-ਜੰਗੀ ਦੇ ਪੀੜਤ ਜਾਂ ਸੀਰੀਆਂ ਲਿਬਨਾਨ ਦੇ ਸ਼ਰਨਾਰਥੀ ਜਾਂ ਫਿਰ ਆਸਟਰੇਲੀਆ ਦੇ ਸਮੁੰਦਰੀ ਤੂਫਾਨ ਦੀ ਮਾਰ ਸਹਿ ਕੇ ਉਜੜੇ-ਪੁੱਜੜੇ ਲੋਕ ਹੋਣ, ਰਵੀ ਸਿੰਘ ਆਪਣੀ ਟੀਮ ਨਾਲ ਹਰ ਥਾਂ ਫਰਿਸ਼ਤਾ ਬਣ ਬਹੁੜਦਾ ਹੈ ਤੇ ਉਨ੍ਹਾਂ ਲੋਕਾਂ ਦੀ ਸਾਰ ਲੈਂਦਾ। ਅੱਜ ਔਕੜ 'ਚ ਫਸੇ, ਹਰ ਦੇਸ਼, ਹਰ ਕੌਮ, ਹਰ ਮਜ਼ਹਬ ਦੇ ਲੋਕਾਂ ਨੂੰ ਖਾਲਸਾ ਏਡ ਅਤੇ ਰਵੀ ਸਿੰਘ ਦੀ ਉਡੀਕ ਹੁੰਦੀ ਹੈ ਕਿ ਉਹ ਫਰਿਸ਼ਤਾ ਉਨ੍ਹਾਂ ਦੀ ਖ਼ਬਰ ਲੈਣ ਜਰੂਰ ਪਹੁੰਚੇਗਾ।

6 ਅਪਰੈਲ 2018 ਨੂੰ ਕਨੇਡਾ ਦੀ ਧਰਤੀ ਤੇ ਇਕ-ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ ਜਦੋਂ *Humboldt Broncos Hockey Team* ਇਕ ਕੋਚ ਵਿਚ ਕਨੇਡਾ ਦੇ ਹੀ ਇਕ ਪ੍ਰਾਂਤ ਸਕੈਚਵਨ ਵਿਚ ਮੈਚ ਖੇਡਣ ਲਈ ਜਾ ਰਹੀ ਸੀ,ਇਸ ਕੋਚ ਵਿਚ ਬਸ ਦੇ ਚਾਲਕ ਤੇ ਸਹਿ ਚਾਲਕ ਸਮੇਤ ਅਠਾਈ ਖਿਡਾਰੀ ਹਾਈਵੇਅ 35 ਤੇ ਸਫ਼ਰ ਕਰ ਰਹੇ ਸਨ।ਜਿਉਂ ਹੀ ਇਹ ਕੋਚ ਹਾਈਵੇਅ 335 ਦੇ ਇੰਟਰਸ਼ੈਕਸ਼ਨ ਤੇ ਪਹੁੰਚੀ ਤਾਂ ਗਲਤ ਆ ਰਿਹਾ ਇਕ ਤੇਜ਼ ਰਫਤਾਰ ਟਰੱਕ ਇਸ ਕੋਚ ਨਾਲ ਇੰਨੀ ਜੋਰ ਨਾਲ ਟਕਰਾਇਆ ਕਿ ਬਹੁਤ ਜੋਰਦਾਰ ਧਮਾਕਾ ਹੋਇਆ ਅਤੇ ਸੋਲ੍ਹਾਂ ਖਿਡਾਰੀਆਂ ਦੀ ਤਾਂ ਮੌਕੇ ਤੇ ਹੀ ਮੌਤ ਹੋ ਗਈ ਅਤੇ ਤੇਰ੍ਹਾਂ ਖਿਡਾਰੀ ਗੰਭੀਰ ਸੱਟਾਂ ਨਾਲ ਜ਼ਖਮੀ ਹੋ ਗਏ। ਅਜਿਹੇ ਦੁੱਖ ਦੇ ਸਮੇਂ ਉਨ੍ਹਾਂ ਖਿਡਾਰੀਆਂ ਦਿਆਂ ਪਰਿਵਾਰਾਂ ਦੀ ਮੱਦਦ ਲਈ ਕੁਝ ਦਿਨਾਂ ਵਿਚ ਹੀ ਕਨੇਡਾ ਨਿਵਾਸੀਆਂ ਵਲੋਂ 15,000,000 ਕਨੇਡੀਅਨ ਡਾਲਰ ਫੰਡ ਇਕੱਠਾ ਕਰ ਲਿਆ ਗਿਆ। ਸਿੱਖ ਸੰਸਥਾਵਾਂ ਵਲੋਂ ਵੀ ਦਿਲ ਖੋਹਲ ਕੇ ਇਨ੍ਹਾਂ ਪਰਿਵਾਰਾਂ ਦੀ ਇਮਦਾਦ ਕੀਤੀ ਗਈ। ਇਸੇ ਮਹੀਨੇ 23 ਅਪ੍ਰੈਲ 2018 ਨੂੰ ਹੀ ਐਨਟਾਰੀਓ ਦੇ ਪ੍ਰਸਿਧ ਸ਼ਹਿਰ ਟੋਰਾਂਟੋ ਦੇ ਭੀੜ-ਭੜੱਕੇ ਵਾਲੇ ਇਲਾਕੇ ਵਿਚ *young Street* ਤੇ ਇਕ ਸਿਰ ਫਿਰੇ *Alek Minassian* ਗੋਰੇ ਨੇ ਦੁਪਹਿਰ ਉਸ ਵਕਤ ਜਦੋਂ ਅਕਸਰ ਲੰਚ-ਬਰੇਕ ਸੀ ਅਤੇ ਲੋਕ ਬਾਹਰ *Pedestrian Way* ਤੇ ਨਿਕਲੇ ਹੋਏ ਸਨ। ਉਸ ਨੇ ਕਰਾਏ ਤੇ ਲਈ ਹੋਈ ਵੈਨ ਜਾਣਬੁੱਝ ਕੇ ਪੈਦਲ ਚੱਲਣ ਵਾਲਿਆਂ ਲੋਕਾਂ ਤੇ ਚੜ੍ਹਾ ਦਿੱਤੀ ਅਤੇ ਦਸ ਜਣਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਸੋਲ੍ਹਾਂ ਹੋਰਾਂ ਨੂੰ ਜਖ਼ਮੀ ਕਰ ਦਿੱਤਾ। ਸਾਰਾ ਦੇਸ਼ ਤਰਾਹ ਤਰਾਹ ਕਰਨ ਲੱਗਾ। ਟੋਰਾਂਟੇ ਦੇ ਸਿੱਖ ਗੁਰਦਵਾਰੇ ਵਲੋਂ 22000 ਕਨੇਡੀਆ ਡਾਲਰ ਇਨ੍ਹਾਂ ਪੀੜਤਾਂ ਦੀ ਇਮਦਾਦ ਲਈ ਦੇਣ ਦਾ ਉਸੇ ਵਕਤ ਐਲਾਨ ਕਰ ਦਿੱਤਾ ਗਿਆ ਅਤੇ ਇਕ ਪੂਰਾ ਸਾਲ ਗੁਰੂ ਕੀ ਗੋਲਕ ਦਾ ਅੱਧਾ ਚੜ੍ਹਾਵਾ ਹਾਦਸੇ ਵਿਚ ਮਾਰੇ ਗਏ ਹਾਕੀ ਖਿਡਾਰੀਆਂ ਲਈ ਦੇਣ ਦਾ ਐਲਾਨ ਕੀਤਾ ਗਿਆ।

ਦਸੰਬਰ 2019 ਤੋਂ ਸੰਸਾਰ ਭਰ ਵਿਚ ਫੈਲ ਰਹੀ ਕਰੋਪੀ ਕਰੋਨਾ-ਵਾਇਰਸ ਨੇ ਅੱਜ ਪੂਰੇ ਵਿਸ਼ਵ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ।ਇਸ ਅੱਤ ਭਿਆਨਕ ਮਾਂਹਮਾਰੀ ਨੇ ਜਿੰਦਗੀ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ ਹਨ।ਸੰਸਾਰ ਗਤੀਹੀਣ ਹੋ ਗਿਆ ਹੈ।ਕਾਰੋਬਾਰ, ਫੈਕਟਰੀਆਂ, ਦੁਕਾਨਾ ਸੱਭੋ ਕੁਝ ਬੰਦ ਹੈ।ਆਵਾਜਾਈ ਦੇ ਸਾਰੇ ਸਾਧਨ, ਰੇਲ, ਬੱਸਾਂ, ਕਾਰਾਂ, ਹਵਾਈ ਜਹਾਜ ਤੱਕ ਬੰਦ ਹੋ ਗਏ ਹਨ। ਅਜਿਹਾ ਸਮ੍ਹਾਂ ਆ ਗਿਆ ਹੈ ਕਿ ਬੰਦੇ ਨੂੰ ਬੰਦੇ ਤੋਂ ਡਰ ਆਉਂਣ ਲਗ ਪਿਆ ਹੈ। ਜੋ ਕਦੇ ਕਿਸੇ ਨੇ ਸੋਚਿਆ ਤੱਕ ਵੀ ਨਹੀਂ ਸੀ।ਇਸ ਬਾਰੇ ਨਿਤ ਨਵੇਂ ਬਿਆਨ ਦਾਗੇ ਜਾ ਰਹੇ ਹਨ, ਇਕ ਦੂਸਰੇ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ।ਡਾਕਟਰਾਂ ਨੇ ਆਪੋ ਆਪਣੀਆਂ ਨਸੀਹਤਾਂ ਦੇਣੀਆਂ ਸ਼ੁਰੂ ਕੀਤੀਆਂ ਹੋਈਆਂ ਹਨ। *W.H.O.* ਵਾਲੇ ਵੀ ਬਹੁਤ ਫਿਕਰਮੰਦ ਵਿਖਾਈ ਦੇ ਰਹੇ ਹਨ ਪਰ ਕਈ ਦੇਸ਼ਾਂ ਦਾ ਵਿਰੋਧ ਵੀ ਝੱਲ ਰਹੇ ਹਨ। ਦੇਸ਼ਾਂ ਵਿਚ ਆਪਸੀ ਕੁੜੱਤਣ ਵਧ ਰਹੀ ਹੈ।ਸਰਹੱਦਾਂ ਤੇ ਖਿਚਾਅ ਵਧਿਆ ਹੈ।ਨਿੱਤ ਦਿਨ ਮਨੁੱਖੀ ਮੌਤਾਂ ਦੀ ਗਿਣਤੀ ਵਧਦੀ ਹੀ ਜਾ ਰਹੀ ਹੈ,ਜੋ ਲੱਖਾਂ ਵਿਚ ਹੋ ਗਈ ਹੈ। ਬੌਲੀਵੁਡ ਫਿਲਮੀ ਲੇਖਕ ਗੁਲਜ਼ਾਰ ਨੇ ਇਨ੍ਹਾਂ ਹਾਲਾਤਾਂ ਨੂੰ ਇਵੇਂ ਲਿਖਿਆ ਹੈ ਕਿ:-

ਬੇ-ਵਜਹ ਘਰ ਸੇ ਨਿਕਲਨੇ ਕੀ ਜਰੂਰਤ ਕਯਾ ਹੈ
ਮੌਤ ਸੇ ਆਂਖ ਮਿਲਾਨੇ ਕੀ ਜਰੂਰਤ ਕਯਾ ਹੈ।
ਸਭ ਕੋ ਮਾਲੂਮ ਹੈ ਬਾਹਰ ਕੀ ਹਵਾ ਹੈ ਕਾਤਿਲ
ਯੂ ਕਾਤਿਲ ਸੇ ਉਲਝਨੇ ਕੀ ਜਰੂਰਤ ਕਯਾ ਹੈ।

ਅਜਿਹੇ ਅਤਿ ਦੇ ਭਿਆਨਕ ਸਮੇਂ ਵਿਚ ਪੰਜਾਬੀਆਂ ਨੇ ਫਿਰ ਜਾਨ ਹਥੇਲੀ ਤੇ ਰੱਖ ਕੇ ਆਪਣੀਆਂ ਪਰੰਪਰਾਵਾਂ ਨੂੰ ਕਾਇਮ ਰੱਖਿਆ ਹੈ। ਔਖੇ ਵੇਲੇ ਔਖੀ ਘੜੀ ਕਰੋਨਾ ਪੀੜਤਾਂ ਤੱਕ ਆਪਣੀ ਪਹੁੰਚ ਬਣਾਈ ਹੈ, ਲੋੜਵੰਦਾਂ ਲਈ ਲੰਗਰ ਤੇ ਹੋਰ ਜਰੂਰੀ ਵਸਤਾਂ ਦਾ ਇੰਤਜਾਮ ਕੀਤਾ ਹੈ। ਭਾਰਤ ਤੋਂ ਬਾਹਰ, ਬਾਹਰਲੇ ਦੇਸ਼ਾਂ ਵਿਚ ਵੀ ਖਾਲਸਾ ਏਡ ਅਤੇ ਹੋਰ ਸਿੱਖ ਸੰਸਥਾਵਾਂ ਦੀ ਸ਼ਲਾਘਾ ਕੀਤੀ ਜਾ ਰਹੀ ਹੈ ਜੋ ਇਸ ਔਖੇ ਸਮੇਂ ਮਨੁੱਖਤਾ ਦੀ ਸੇਵਾ ਲਈ ਅੱਗੇ ਆਈਆਂ ਹਨ। ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਨਾਲ ਨਾਮਧਾਰੀ ਸਮਾਜ ਨੇ ਪੰਜਾਬ, ਹਰਿਆਣਾ, ਦਿੱਲੀ ਅਤੇ ਹੋਰ ਵੱਖ ਵੱਖ ਤਕਰੀਬਨ ਇੱਕੀ ਸਥਾਨਾ ਤੇ ਲੋਵਵੰਦਾਂ ਨੂੰ ਲੰਗਰ, ਪਾਣੀ, ਰਸਦ, ਮਾਸਕ ਤੇ ਹੋਰ ਜਰੂਰੀ ਸਮੱਗਰੀ ਮੁਹੱਈਆ ਕਰਵਾਈ ਹੈ। ਆਪਣੇ ਘਰਾਂ ਨੂੰ ਵਾਪਸ ਜਾ ਰਹੇ ਮਜਦੂਰਾਂ ਨੂੰ ਰਸਤੇ ਵਿਚ ਖਾਣ ਪੀਣ ਦੀ ਸਮੱਗਰੀ ਮੁਹਈਆ ਕਰਵਾਣ ਲਈ ਹਾਈ-ਵੇ ਤੇ ਪਾਣੀਪਤ ਦੇ ਸਥਾਨ ਤੇ ਸਪੈਸ਼ਲ ਇੰਤਜਾਮ ਕੀਤਾ ਗਿਆ। ਇਸ ਦੇ ਨਾਲ ਹੀ ਸੰਸਥਾ ਦੇ ਦੋ ਹਸਪਤਾਲਾਂ ਵਿੱਚ ਫਰੰਟ ਲਾਈਨ ਤੇ ਕੰਮ ਕਰ ਰਹੇ ਵਰਕਰਾਂ ਦਾ ਕਿਸੇ ਲੋੜ ਵੇਲੇ ਮੁਫਤ ਇਲਾਜ਼ ਕਰਨ ਦਾ ਐਲਾਨ ਕੀਤਾ ਗਿਆ। ਭਾਰਤ ਵਿਚ ਹੀ ਨਹੀਂ, ਇੰਗਲੈਡ, ਅਮਰੀਕਾ, ਥਾਈਲੈਂਡ ਵਿਚ ਵੀ ਇਹੋ ਜਿਹੇ ਉੱਦਮ ਕੀਤੇ ਗਏ ਹਨ। ਜਿਸਦੀ ਦੂਸਰੇ ਭਾਈਚਾਰੇ ਵਲੋਂ ਸ਼ਲਾਘਾ ਕੀਤੀ ਗਈ ਹੈ।

ਭਾਰਤ ਦੀ ਰਾਜਧਾਨੀ ਦਿੱਲੀ ਦੇ ਸਿੱਖ ਗੁਰਦਵਾਰਿਆਂ ਦੀ ਪ੍ਰਬੰਧਕ ਕਮੇਟੀ ਨੇ,ਦਿੱਲੀ ਦੇ ਮਜਦੂਰਾਂ ਲਈ ਦਿਨ ਰਾਤ ਲੰਗਰ ਚਾਲੂ ਕਰ ਦਿੱਤੇ,ਫਰੰਟ ਲਾਈਨ ਤੇ ਕੰਮ ਕਰ ਰਹੇ ਕਾਮਿਆਂ ਲਈ ਖਾਣੇ ਦਾ ਇੰਤਜ਼ਾਮ ਕੀਤਾ ਅਤੇ ਆਪਣੇ ਪ੍ਰਬੰਧ ਹੇਠ ਆਉਂਦੇ ਸਾਰੇ ਹਸਪਤਾਲਾਂ ਦੀ ਵਰਤੋਂ ਦੀ ਖੁੱਲ,ਦਿੱਲੀ ਸਰਕਾਰ ਨੂੰ ਦੇ ਦਿੱਤੀ।

-ਰਾਧਾਸੁਆਮੀ ਸੰਸਥਾ ਵਲੋਂ ਆਪਣੇ ਸਾਰੇ ਸਤਿਸੰਗ ਘਰ ਕਰੋਨਾ ਪੀੜਤਾਂ ਦੇ ਵਰਤਨ ਲਈ ਸਰਕਾਰ ਨੂੰ ਇਜ਼ਾਜ਼ਤ ਦੇ ਦਿੱਤੀ ਗਈ।

ਯੁਨਾਈਟਿਡ ਸਿੱਖ ਸੰਸਥਾ ਵਲੋਂ ਅਮਰੀਕਾ ਅਤੇ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਦੀਆਂ ਸਿਟੀ ਕਾਰਪੋਰੇਸ਼ਨਾ ਨੂੰ ਰੋਜ਼ਾਨਾ ਤੀਹ ਹਜ਼ਾਰ ਖਾਣੇ ਦੇ ਪੈਕਟਾਂ ਅਤੇ ਹੋਰ ਲੁੜੀਦੀਆਂ ਵਸਤਾਂ ਅਤੇ ਰਾਸ਼ਨ ਮੁਹਈਆ ਕਰਵਾਇਆ ਗਿਆ। ਕਨੇਡਾ ਦੇ ਸ਼ਹਿਰ ਕੈਲਗਰੀ, ਵਿੰਨੀ-ਪੈਗ, ਮੌਂਨਟਰੀਅਲ ਦੇ ਸ਼ਹਿਰਾਂ ਦੇ ਸਿੱਖਾਂ ਨੇ ਵੀ ਵੱਧ ਚੜ੍ਹ ਕੇ ਇਸ ਮਹਾਂਮਾਰੀ ਦੌਰਾਨ ਪੀੜਤਾਂ ਦੀ ਮੱਦਦ ਲਈ ਯੋਗਦਾਨ ਪਾਇਆ। ਟੋਰੰਟੋ ਦੇ ਧਨਾਡ ਵਪਾਰੀ ਅਤੇ ਕਨੇਡਾ ਬਾਸਟਕਬਾਲ ਦੀ ਟੀਮ ਦੀ ਹੌਸਲਾ-ਅਫ਼ਜਾਈ ਲਈ ਹਜ਼ਾਰਾਂ ਡਾਲਰ ਖਰਚਣ ਵਾਲੇ ਨਵ-ਭਾਟੀਆ ਨੇ ਫਰੰਟ ਲਾਈਨ ਤੇ ਕੰਮ ਕਰਨ ਵਾਲੇ ਵਰਕਰਾਂ ਲਈ ਰੋਜ਼ਾਨਾ ਤਕਰੀਬਨ ਪੰਦਰਾਂ ਹਜ਼ਾਰ ਖਾਧ-ਪਦਾਰਥਾਂ ਦੇ ਪੈਕਟਾਂ ਦਾ ਇੰਤਜਾਮ ਕੀਤਾ।

ਮੋਗੇ ਦੇ ਇਕ ਬਾਲੀਵੁਡ ਪੰਜਾਬੀ ਐਕਟਰ ਸੋਨੂੰ ਸੂਦ ਦੇ ਸੁਯੋਗ ਸੁਯਤਨਾ ਦੀ ਸਾਰੇ ਸੰਸਾਰ ਵਿਚ ਸ਼ਲਾਘਾ ਹੋਈ ਹੈ। ਉਸਨੇ ਦਿਨ ਰਾਤ ਇਕ ਕਰਕੇ ਕਰੋਨਾਂ ਕਾਰਨ ਵੱਖ ਵੱਖ ਥਾਈਂ ਫਸੇ ਮਜਦੂਰਾਂ ਦੀ ਸਾਰ ਲਈ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਣ ਦਾ ਪ੍ਰਬੰਧ ਕੀਤਾ। ਸੋਨੂੰ ਸੂਦ ਨੂੰ ਜਦੋਂ ਪੁਛਿਆ ਗਿਆ ਕਿ ਉਸ ਦੇ ਮਨ ਵਿਚ ਇਹ ਵਿਚਾਰ ਕਿਵੇਂ ਆਇਆ ਤਾਂ ਉਸ ਦਾ ਜਵਾਬ ਸੀ ਕਿ ਜਦੋਂ ਆਪਣੇ ਟੀ.ਵੀ.ਤੇ ਮੈਂ ਹਜਾਰਾਂ ਦੀ ਗਿਣਤੀ ਵਿਚ ਮਜਦੂਰਾਂ ਨੂੰ,ਭੁੱਖਣ-ਭਾਣੇ ਨੰਗੇ-ਪੈਰੀਂ ਸੜਕਾਂ ਤੇ ਆਪਣੇ ਘਰਾਂ ਨੂੰ ਜਾਂਦੇ ਵੇਖਿਆ ਕਿ ਕਿਵੇਂ ਉਨ੍ਹਾਂ ਨੇ ਆਪਣੇ ਬਜੁਰਗ ਮਾਪਿਆਂ ਨੂੰ ਆਪਣੀਆਂ ਪਿੱਠਾਂ ਤੇ ਉਠਾਇਆ ਹੋਇਆ ਹੈ। ਬੁਰੇ ਹਾਲੀਂ ਦਿਨ ਰਾਤ ਪੈਦਲ ਜਾਂ ਸਾਈਕਲਾਂ ਤੇ ਸੈਂਕੜੇ,ਹਜਾਰਾਂ ਮੀਲ਼ਾਂ ਦੇ ਸਫ਼ਰ ਤੇ ਤੁਰੇ ਹੋਏ ਹਨ ਤਾਂ ਮੇਰਾ ਮਨ ਭਰ ਆਇਆ। ਮੈਥੋਂ ਇਹ ਸਭ ਕੁਝ ਵੇਖਿਆ ਨਾ ਗਿਆ। ਮੈਂ ਸੋਚ ਰਿਹਾ ਸਾਂ ਇਹ ਮਜਦੂਰ ਜਿਨ੍ਹਾਂ ਨੇ ਸਾਡੀਆਂ ਸੜਕਾਂ ਬਣਾਈਆਂ,ਸਾਡੇ ਘਰਾਂ ਦੀ ਉਸਾਰੀ ਕੀਤੀ, ਸਾਡੀਆਂ ਫੈਕਟਰੀਆਂ ਵਿਚ ਕੰਮ ਕੀਤਾ। ਸਾਰੇ ਦੇਸ਼ ਦੀ ਅਰਥ-ਵਿਵਸਥਾ ਨੂੰ ਗਤੀਸ਼ੀਲ ਰੱਖਿਆ ਕੀ ਉਨ੍ਹਾਂ ਪ੍ਰਤੀ ਸਾਡਾ ਕੋਈ ਫਰਜ ਨਹੀ?

--ਤੇ ਫਿਰ ਸੋਨੂੰ ਸੂਦ ਨੇ ਸੜਕਾਂ ਤੇ ਤੁਰੇ ਜਾਂਦੇ ਮਜਦੂਰਾਂ ਲਈ ਖਾਣੇ ਦੇ ਪੈਕਟ ਤਿਆਰ ਕਰਵਾਏ,ਤੇ ਉਨ੍ਹਾਂ ਦੇ ਪਿੱਛੇ ਪਿੱਛੇ ਉਨ੍ਹਾਂ ਨੂੰ ਪਹੁਚਾਣ ਲਈ ਤੁਰ ਪਿਆ। ਕਰਨਾਟਕਾ ਨੂੰ ਜਾ ਰਹੇ ਮਜਦੂਰਾਂ ਦੇ ਇਕ ਵੱਡੇ ਕਾਫ਼ਲੇ ਨਾਲ ਗੱਲ ਬਾਤ ਕਰਦਿਆਂ, ਉਸਨੂੰ ਪਤਾ ਲੱਗਾ ਕਿ ਉਹ ਤੇ ਪੰਜ ਸੌ ਕਿਲੋਮੀਟਰ ਦੂਰ ਆਪਣੇ ਆਪਣੇ ਘਰਾਂ ਨੂੰ ਪੈਦਲ ਹੀ ਚੱਲੇ ਹੋਏ ਹਨ। ਉਸਨੇ ਉਨ੍ਹਾਂ ਨੂੰ ਦੋ ਦਿਨ ਦਾ ਵਕਤ ਦੇਣ ਲਈ ਕਿਹਾ ਕਿ ਮੈਨੂੰ ਤੁਸੀਂ ਕੇਵਲ ਦੋ ਦਿਨ ਦਾ ਵਕਤ ਦਿਓ ਮੈਂ

ਤੁਹਾਡੇ ਜਾਣ ਦਾ ਇੰਤਜਾਮ ਕਰਾਂਗਾ,ਮੇਰੇ ਤੇ ਵਿਸ਼ਵਾਸ਼ ਕਰੋ।

--ਤੇ ਇਸ ਦਿੱਤੇ ਹੋਏ ਵਿਸ਼ਵਾਸ਼ ਨੂੰ ਉਸਨੇ ਸੱਚ ਕਰ ਵਿਖਾਇਆ ਜਦੋਂ ਦੋ ਦਿਨਾਂ ਦੇ ਵਿਚ ਵਿਚ ਉਸਨੇ ਉਨ੍ਹਾਂ ਮਜਦੂਰਾਂ ਨੂੰ ਕੇਵਲ ਘਰ ਹੀ ਨਹੀਂ ਭੇਜਿਆ ਸਗੋਂ ਰਸਤੇ ਵਿਚ ਉਨ੍ਹਾਂ ਦੀ ਭੁੱਖ ਤੇ ਪਿਆਸ ਦਾ ਇੰਤਜਾਮ ਵੀ ਕੀਤਾ।

-ਉਹ ਆਖਦਾ ਹੈ,ਮੈਂ ਸਭ ਤੋਂ ਪਹਿਲੋਂ ਆਪਣਾ ਫੋਨ ਨੰਬਰ ਜਨਤਕ ਕੀਤਾ ਅਤੇ ਇਕ ਵੱਟਸਅਪ ਨੰਬਰ ਤੇ ਟੋਲ-ਫਰੀ ਨੰਬਰ ਦਿੱਤੇ ਕਿ ਕਿਸੇ ਨੂੰ ਵੀ ਕਿਸੇ ਵੀ ਕਿਸਮ ਦੀ ਕਿਸੇ ਵੀ ਵਕਤ, ਦਿਨ ਜਾਂ ਰਾਤ ਕੋਈ ਵੀ ਲੋੜ ਹੈ, ਮੈਨੂੰ ਖਬਰ ਦਿਓ।ਮੈਂ ਚੌਵੀ ਘੰਟੇ ਤੁਹਾਡੇ ਲਈ ਹਾਜ਼ਰ ਹਾਂ।

ਕਰਨਾਟਕਾ ਦੇ 350 ਮਜਦੂਰਾਂ ਜਿਨ੍ਹਾਂ ਤੋਂ ਮੈਂ ਦੋ ਦਿਨ ਦਾ ਸਮਾਂ ਮੰਗਿਆ ਸੀ ਉਨ੍ਹਾਂ ਨੂੰ ਘਰ ਭੇਜਣ ਦਾ ਮੈਂ ਉਨ੍ਹਾਂ ਲਈ ਪ੍ਰਬੰਧ ਕਰਨ ਲਈ ਕਰਨਾਟਕਾ ਸਰਕਾਰ ਨਾਲ ਰਾਬਤਾ ਕਾਇਮ ਕੀਤਾ ਅਤੇ ਉਨ੍ਹਾਂ 350 ਮਜਦੂਰਾਂ ਨੂੰ ਸ਼ਪੈਸ਼ਲ ਬੱਸਾਂ ਰਾਹੀਂ ਕਰਨਾਟਕਾ ਲਈ ਰਵਾਨਾ ਕੀਤਾ। ਬੱਸ ਵਿੱਚ ਬੈਠੇ ਉਨ੍ਹਾਂ ਮਜਦੂਰਾਂ ਦੇ ਚਿਹਰੇ ਦੀ ਖੁਸ਼ੀ ਤੇ ਅੱਖਾਂ ਦੇ ਅੱਥਰੂਆਂ ਨੇ ਮੇਰੀਆਂ ਅੱਖਾਂ ਵੀ ਨਮ ਕਰ ਦਿੱਤੀਆਂ। ਮੈਂ ਉਨ੍ਹਾਂ ਦਾ ਦਰਦ ਤੇ ਘਰ ਜਾਣ ਦੀ ਉਨ੍ਹਾਂ ਦੀ ਖੁਸ਼ੀ ਸਮਝ ਸਕਦਾ ਸਾਂ। ਫਿਰ ਮੈਂ ਕੇਰਲਾ ਵਿਚ ਉੜੀਸਾ ਦੀਆਂ ਫਸੀਆਂ 177 ਲੜਕੀਆਂ ਜੋ ਆਪਣੇ ਘਰ ਜਾਣ ਲਈ ਤੜਪ ਰਹੀਆਂ ਸਨ ਉਨ੍ਹਾਂ ਲਈ ਇਕ ਚਾਰਟਰਡ ਫਲਾਈਟ ਦਾ ਇੰਤਜਾਮ ਕੀਤਾ। ਅਤੇ ਉਨ੍ਹਾਂ ਨੂੰ ਭੁਵਨੇਸ਼ਵਰ ਪਹੁੰਚਾਇਆ। ਹੁਣ ਮੇਰੇ ਨਾਲ ਮੇਰੇ ਬਚਪਨ ਦਾ ਦੋਸਤ ਨਿਧੀ ਗੋਇਲ ਵੀ ਆ ਖੜਾ ਹੋਇਆ।

ਹੁਣ ਅਸੀਂ ਯੂ ਪੀ, ਬਿਹਾਰ, ਝਾੜਖੰਡ ਦੀਆਂ ਸਰਕਾਰਾਂ ਨਾਲ ਰਾਬਤਾ ਕਾਇਮ ਕਰਕੇ ਤਕਰੀਬਨ 12500 ਮਜਦੂਰਾਂ ਨੂੰ ਜੋ ਆਪੋ ਆਪਣੇ ਘਰ ਜਾਣ ਲਈ ਤੜਪ ਰਹੇ ਸਨ, ਉਨ੍ਹਾਂ ਲਈ ਬੱਸਾਂ ਦਾ ਇੰਤਜਾਮ ਕੀਤਾ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਘਰੋ-ਘਰੀ ਭੇਜਿਆ।ਰਸਤੇ ਵਿਚ ਉਨ੍ਹਾਂ ਦੀਆਂ ਲੋੜਾਂ ਨੂੰ ਵੇਖਦਿਆਂ ਫਲ ਫਰੂਟ, ਸਨੈਕਸ ਅਤੇ ਪਾਣੀ ਦਿੱਤਾ ਤਾਂ ਕਿ ਉਹ ਲੰਬੇ ਪੈਂਡੇ ਵਿਚ ਭੁੱਖ ਤੇ ਪਿਆਸ ਤੋਂ ਪਰੇਸ਼ਾਨ ਨਾ ਹੋਣ। ਮੁੰਬਈ ਵਿਚ ਉਨ੍ਹਾਂ ਦੀ ਟੀਮ ਨੇ ਤਕਰੀਬਨ 45000 ਮਜਦੂਰਾਂ ਨੂੰ ਭੋਜਨ ਤੇ ਪੀਣ ਦਾ ਪਾਣੀ ਰੋਜ਼ ਮੁਹੱਈਆ ਕਰਵਾਣ ਦੇ ਪ੍ਰਬੰਧ ਕੀਤੇ।

-ਦੱਸਦੇ ਹਨ ਕਿ ਜਦੋਂ ਉਨ੍ਹਾਂ ਇਕ ਗਰਭਵਤੀ ਔਰਤ ਨੂੰ ਯੂ.ਪੀ ਉਸਦੇ ਘਰ ਭੇਜਣ ਦਾ ਪ੍ਰਬੰਧ ਕੀਤਾ ਤਾਂ ਉਸ ਔਰਤ ਦੀਆਂ ਅੱਖਾਂ ਜੋ ਕਹਿ ਰਹੀਆਂ ਸਨ ਉਨ੍ਹਾਂ ਨੂੰ ਲਫਜ਼ਾਂ ਵਿਚ ਨਹੀਂ ਦੱਸਿਆ ਜਾ ਸਕਦਾ।

-ਏਨਾ ਹੀ ਨਹੀਂ ਕਿਰਗਸਤਾਨ *(Kyrgyzstan)* ਵਿਚ ਫਸੇ ਬੈਠੇ ਹਜ਼ਾਰਾ ਭਾਰਤੀ ਵਿਦਿਆਰਥੀਆਂ ਨੇ ਜਦੋਂ ਸੋਨੂੰ ਸੂਦ ਤੱਕ ਆਪਣੀ ਪਹੁੰਚ ਕੀਤੀ ਤਾਂ ਉਸ ਨੇ ਉਥੋਂ ਦੀਆਂ ਐਂਬੈਸੀਆਂ ਨਾਲ ਰਾਬਤਾ ਕਾਇਮ ਕਰਕੇ ਅਤੇ ਏਅਰ ਪੋਰਟ ਅਥਾਰਟੀ ਨਾਲ ਸੰਪਰਕ ਕਰਕੇ ਉਨ੍ਹਾਂ ਵਿਦਿਆਰਥੀਆਂ ਨੂੰ ਭਾਰਤ ਲਿਆਣ ਲਈ ਚਾਰਟਰਡ ਹਵਾਈ ਜ਼ਹਾਜਾਂ ਦਾ ਇੰਤਜ਼ਾਮ ਕੀਤਾ ਤੇ ਏਅਰਪੋਰਟ ਤੋਂ ਉਨ੍ਹਾਂ ਨੂੰ ਫਿਰ ਉਨ੍ਹਾਂ ਦੇ ਘਰ ਤੱਕ ਪਹੁੰਚਾਇਆ।

ਇਹ ਵੀ ਖ਼ਬਰ ਹੈ ਕਿ ਪੰਜਾਬੀ ਫਿਲਮੀ ਕਲਾਕਾਰ ਅਕਸ਼ੈ ਕੁਮਾਰ ਨੇ ਪੱਚੀ ਕਰੋੜ ਦੀ ਰਾਸ਼ੀ, ਪ੍ਰਧਾਨ-ਮੰਤਰੀ ਕਰੋਨਾ ਫੰਡ ਲਈ ਦਿੱਤੀ। ਇੰਗਲੈਂਡ ਦੇ ਸਿੱਖਾਂ ਨੇ ਗੁਰੂ ਤੇਗ਼ ਬਹਾਦੁਰ ਗੁਰਦੁਆਰਾ ਵਲੋਂ, ਪੰਜਾਹ ਹਜ਼ਾਰ ਪਾਊਂਡ ਇਸ ਔਖੇ ਵਕਤ ਇਕੱਠਾ ਕਰਕੇ ਸਰਕਾਰ ਨੂੰ ਦਿੱਤੇ।

-ਜੇ ਵੇਖਿਆ ਜਾਵੇ, ਇਨ੍ਹਾਂ ਸਾਰੇ ਸੁਯਤਨਾ ਪਿੱਛੇ ਗੁਰੂ ਨਾਨਕ ਸਾਹਿਬ ਦਾ ਉਹ ਸਿਧਾਂਤ ਤੇ ਪ੍ਰੇਰਨਾ ਹੀ ਕੰਮ ਕਰ ਰਹੇ ਹਨ ਜੋ ਕਦੇ ਸਾਰੇ ਪੰਜਾਬੀਆਂ ਦੇ ਜੀਵਨ ਦਾ ਹਿੱਸਾ ਹੀ ਬਣ ਗਏ ਸਨ। ਅੱਜ ਜਦੋਂ ਵੀ ਕੋਈ ਨਾਨਕ ਨਾਮ ਲੇਵਾ ਉਸ ਪ੍ਰਮੇਸਰ ਅੱਗੇ ਹੱਥ ਜੋੜੀ ਜੋਦੜੀ ਲਈ ਜੁੜਦਾ ਹੈ ਤੇ ਸਮਾਪਤੀ ਤੇ ਆਪਣਾ ਸਿਰ ਨਿਵਾਂਦਾ ਹੈ ਤਾਂ ਉਸਦੇ ਮੂੰਹੋਂ ਨਿਕਲੇ ਲਫ਼ਜ਼ ਹੁੰਦੇ ਹਨ:-

"ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ"


**+16478391459**

***lyallajit@gmail.com***


.......................................................

# ਨਿਰਮੋਹੀ ਰਾਜਾ

**(ਨਾਰਾਇਣ ਹਰੀ ਗ੍ਰੰਥ ਦੀ ਕਥਾ ਤੇ ਅਧਾਰਿਤ)** **-ਹਰਪਾਲ ਸਿੰਘ ਸੇਵਕ**

ਰਾਜਾ ਸ਼ਤ੍ਰਜਿਤ ਦੇ ਪੁੱਤਰ ਰਿਤੂ ਧੁਜ ਨੇ ਪਤਾਲ ਕੇਤੂ ਰਾਕਸ਼ ਦੀ ਕੈਦ ਚੋਂ ਰਾਜ ਕੁਮਾਰੀ ਮਦਾਲਸਾ ਨੂੰ ਮੁਕਤ ਕਰਵਾਇਆ। ਰਿਤੂ ਧੁਜ ਅਤੇ ਮਦਾਲਸਾ ਦਾ ਵਿਆਹ ਹੋ ਗਿਆ। ਮਦਾਲਸਾ ਦੀ ਸ਼ਰਤ ਸੀ ਕਿ ਉਹ ਬੱਚਿਆਂ ਨੂੰ ਗਿਆਨ, ਤਿਆਗ ਦਾ ਉਪਦੇਸ਼ ਦੇ ਕੇ ਬ੍ਰਹਮ ਗਿਆਨੀ ਬਣਾਏਗੀ। ਉਨ੍ਹਾਂ ਦੇ ਸੱਤ ਪੁੱਤ੍ਰ ਹੋਏ। ਮਾਤਾ ਮਦਾਲਸਾ ਆਪਣੇ ਪੁੱਤਰਾਂ ਨੂੰ ਮੋਹ ਮਾਇਆ ਤੋਂ ਵਿਰਕਤ ਹੋ ਕੇ ਆਪਣੇ ਆਤਮ ਸਰੂਪ ਪ੍ਰਮੇਸ਼ਰ ਨਾਲ ਅਭੇਦ ਹੋਣ ਲਈ ਬ੍ਰਹਮ ਗਿਆਨ ਦਾ ਉਪਦੇਸ਼ ਦੇਂਦੀ। ਉਸਦੇ ਉਪਦੇਸ਼ ਦਾ ਸਾਰ ਸੀ-

ਸੁੱਧੋ ਸੀ, ਬੁੱਧੋ ਸੀ, ਨਿਰੰਜਨੋ ਸੀ,
ਸੰਸਾਰ ਮਾਯਾ ਪਰੀਵਰਜਤੋਸੀ।
ਸੰਸਾਰ ਸਪਨਾ, ਤਜਹੁ ਮੋਹ ਨਿੰਦਾ,
ਮਦਾਲਸਾ ਵਾਕਯੰ ਉਵਾਚ ਪੁਤ੍ਰੰ॥

ਛੇ ਪੁੱਤ ਰਾਜ ਭਾਗ ਤਿਆਗ ਕੇ ਸੰਨਿਆਸੀ ਬਣ ਕੇ ਬਾਨ ਪ੍ਰਸਤ ਕਰ ਗਏ। ਰਾਜੇ ਰਿਤੂ ਧੁਜ ਨੇ ਮਦਲਸਾ ਨੂੰ ਕਿਹਾ ਕਿ ਇੱਕ ਪੁੱਤਰ ਨੂੰ ਰਾਜ ਭਾਗ ਸੰਭਾਲਣ ਯੋਗ ਰਹਿਣ ਦਿਉ। ਨਹੀਂ ਤਾਂ ਕੋਈ ਬੁਰਾ ਵਿਅਕਤੀ ਰਾਜਾ ਬਣ ਗਿਆ ਤਾਂ ਪਰਜਾ ਨੂੰ ਦੁੱਖ ਦੇਵੇਗਾ। ਸੱਤਵਾਂ ਪੁੱਤਰ ਅਲਰਕ ਹੋਇਆ, ਮਾਤਾ ਮਦਾਲਸਾ ਦੇ ਉਪਦੇਸ਼ ਦੁਆਰਾ ਅਲਰਕ ਬ੍ਰਹਮ ਗਿਆਨੀ, ਨਿਰਮੋਹੀ ਰਾਜਾ ਹੋਇਆ। ਰਾਜਾ ਅਲਰਕ ਦੇ ਉਪਦੇਸ਼ ਦੁਆਰਾ ਸਾਰਾ ਉਸ ਦਾ ਪਰਿਵਾਰ ਅਤੇ ਦਰਬਾਰੀ ਨਿਰਮੋਹੀ ਹੋ ਗਏ। ਮਾਤਾ ਮਦਾਲਸਾ ਨੇ ਉਪਰੋਕਤ ਉਪਦੇਸ਼ ਸੁੱਧੋ ਸੀ, ਬੁੱਧੋ ਸੀ,......... ਲਿਖ ਕੇ ਤਵੀਤ ਬਣਾ ਕੇ ਰਾਜੇ ਅਲਰਕ ਦੇ ਡੌਲੇ ਨਾਲ ਬੰਨ ਦਿੱਤਾ ਅਤੇ ਕਿਹਾ ਕਿ ਜਦੋਂ ਕਦੇ ਤੈਨੂੰ ਅਤਿ ਦੀ ਤਕਲੀਫ਼ ਹੋਏ ਤਵੀਤ ਖੋਹਲ ਕੇ ਪੜ੍ਹ ਲਵੀਂ।

ਸਮਾਂ ਪਾ ਕੇ ਰਾਜਾ ਰਿਤੂ ਧੁਜ ਅਤੇ ਮਾਤਾ ਮਦਾਲਸਾ ਸਵਰਗਵਾਸ ਹੋ ਗਏ। ਨਿਰਮੋਹੀ ਰਾਜਾ (ਅਲਰਕ) ਰਾਜ ਕਰਨ ਲੱਗਾ। ਉਸ ਨੇ ਕਿਹਾ ਨਾ ਮੈਂ ਕਿਸੇ ਤੇ ਚੜ੍ਹਾਈ ਕਰਨੀ ਹੈ, ਨਾ ਕੋਈ ਮੇਰਾ ਦੁਸ਼ਮਣ ਹੈ, ਫੇਰ ਫੌਜ ਕਾਹਦੇ ਵਾਸਤੇ। ਉਸਨੇ ਫੌਜ ਤੋੜ ਦਿੱਤੀ, ਫੌਜੀਆਂ ਨੂੰ ਛੁੱਟੀ ਦੇ ਦਿੱਤੀ ਤੇ ਕਿਹਾ ਆਪਣੀ ਕਿਰਤ ਕਰੋ ਅਤੇ ਜੀਵਨ ਨਿਰਬਾਹ ਕਰੋ। ਗੁਆਂਢੀ ਰਾਜੇ ਨੂੰ ਪਤਾ ਲੱਗਿਆ ਕਿ ਅਲਰਕ ਦੇ ਪਾਸ ਤਾਂ ਫੌਜ ਹੀ ਨਹੀ। ਉਸਨੇ ਨਿਰਮੋਹੀ ਰਾਜੇ ਦੇ ਰਾਜ ਨੂੰ ਜਿੱਤ ਕੇ ਆਪਣੇ ਰਾਜ ਵਿੱਚ ਮਿਲਾਉਣ ਲਈ ਫੌਜ ਲੈ ਕੇ ਚੜ੍ਹਾਈ ਕਰ ਦਿੱਤੀ। ਰਾਜੇ ਅਲਰਕ ਨੇ ਸੋਚਿਆ ਕਿ ਇਸ ਤੋਂ ਵੱਡੀ ਮੁਸੀਬਤ ਕੀ ਹੋਵੇਗੀ। ਮਾਤਾ ਨੇ ਕਿਹਾ ਸੀ ਕਿ ਅਤਿ ਮੁਸੀਬਤ ਸਮੇਂ ਤਵੀਤ ਨੂੰ ਖੋਹਲ ਕੇ ਪੜ੍ਹ ਲਵੀਂ। ਜਦ ਉਸ ਨੇ ਤਵੀਤ ਖੋਹਲ ਕੇ ਪੜ੍ਹਿਆ ਜਿਸ ਵਿੱਚ ਮਾਤਾ ਦਾ ਉਪਦੇਸ਼ ਸੀ-

'ਤੂੰ ਪਰਮੇਸ਼ਰ ਦੀ ਅੰਸ਼ ਹੈਂ, ਸ਼ੁੱਧ ਸਰੂਪ ਹੈਂ, ਗਿਆਨ ਸਰੂਪ ਹੈਂ, ਸੰਸਾਰ ਵਿੱਚ ਜੋ ਮਾਯਾ ਹੈ, ਇਹ ਭਰਮ ਹੀ ਤੈਨੂੰ ਤੇਰੇ ਨਿਜ ਸਰੂਪ ਦੀ ਪਹਿਚਾਨ ਨਹੀਂ ਹੋਣ ਦੇਂਦਾ, ਮੋਹ ਮਾਇਆ ਦਾ ਸੰਸਾਰ ਇੱਕ ਸੁਪਨੇ ਦੀ ਨਿਆਈਂ ਹੈ। ਮਦਾਲਸਾ ਦਾ ਆਪਣੇ ਪੁੱਤਰ ਪ੍ਰਤੀ ਉਪਦੇਸ਼ ਹੈ ਕਿ ਤੂੰ ਮੋਹ ਦੀ ਨੀਂਦ ਚੋਂ ਜਾਗ ਅਤੇ ਸੰਸਾਰ ਦਾ ਤਿਆਗ ਕਰ।'

ਇਹ ਉਪਦੇਸ਼ ਪੜ੍ਹ ਕੇ ਰਾਜਾ ਅਲਰਕ ਖਾਲੀ ਹੱਥ, ਇਕੱਲਾ ਹੀ ਫੌਜ ਸਹਿਤ ਝੜਾਈ ਕਰਕੇ ਆਏ ਰਾਜੇ ਦੇ ਸਾਮ੍ਹਣੇ ਚਲਾ ਗਿਆ ਅਤੇ ਉਸ ਨੂੰ ਕਿਹਾ- ਰਾਜਾ ਐਹ ਫੌਜ ਲੈ ਕੇ ਆਉਣ ਦੀ ਕੀ ਲੋੜ ਸੀ। ਰਾਜ ਲੈਣਾ ਹੈ ਤੂੰ ਸਾਂਭ ਲੈ, ਮੇਰੇ ਛੇ ਭਰਾ ਬਨਵਾਸੀ ਹਨ, ਤਪੱਸਿਆ ਕਰ ਰਹੇ ਹਨ, ਮੈਂ ਵੀ ਉਨ੍ਹਾਂ ਪਾਸ ਜਾ ਕੇ ਇੱਥੋਂ ਨਾਲੋਂ ਵੀ ਖ਼ੁਸ਼ ਹੋਵਾਂਗਾ। ਮੇਰਾ ਜਨਮ ਸਫਲ ਹੋਵੇਗਾ। ਮੈਨੂੰ ਇਸ ਰਾਜ ਭਾਗ ਦੀ ਕੋਈ ਲੋੜ ਨਹੀਂ ਅਤੇ ਨਾ ਹੀ ਇਸ ਨਾਲ ਮੇਰਾ ਕੋਈ ਲਗਾਉ ਹੈ। ਅਜੇਹਾ ਪ੍ਰਤੀ-ਕਰਮ ਵੇਖ ਸੁਣ ਕੇ ਹਮਲਾਵਰ ਰਾਜਾ ਵੀ ਰਾਜੇ ਅਲਰਕ ਦੇ ਤਿਆਗ ਅਤੇ ਗਿਆਨ ਅੱਗੇ ਸਿਰ ਝੁਕਾ ਕੇ ਵਾਪਸ ਚਲਾ ਗਿਆ।

..............................................

# ਰੱਬ ਜੀ

**ਸੁਖਵਿੰਦਰ ਸਿੰਘ ਲਾਇਲ**

ਜਿੰਦਗੀ ਦੇ ਕਰੀਬ ਨੌਂ ਦਹਾਕੇ ਪਾਰ ਕਰ ਰਹੇ ਸੰਤ ਸਵਿੰਦਰ ਸਿੰਘ ਜੀ ਇਕ ਨਾਮਧਾਰੀ ਗੁਰਸਿੱਖ ਤੇ ਭਜਨੀਕ ਸਾਧੂ ਮਹਾਂਪੁਰਖ ਹਨ। ਜਿੰਨਾਂ ਆਪਣੇ ਜੀਵਨ ਵਿੱਚ ਤਿੰਨ ਸਤਿਗੁਰੂ ਸਾਹਿਬਾਨਾਂ ਦਾ ਦਰਸ਼ਨ ਕੀਤਾ ਤੇ ਤਿੰਨਾ ਤੇ ਪੂਰਨ ਨਿਸ਼ਠਾ, ਸ਼ਰਧਾ ਅਤੇ ਪ੍ਰਤੀਤ ਰੱਖੀ। ਗੋਰਾ ਨਿਛੋਹ ਰੰਗ, ਚਿੱਟਾ ਚਾਂਦੀ ਦੀ ਭਾਅ ਮਾਰਦਾ ਦਾਹੜਾ, ਚੇਹਰੇ ਤੇ ਇੱਕ ਅਲੌਕਿਕ ਨੂਰ ਤੇ ਹਰ ਵਕਤ ਪਰਮੇਸ਼ਰ ਦੇ ਰੰਗ ਵਿੱਚ ਰੱਤੇ ਰਹਿਣ ਵਾਲੇ ਸੰਤ ਸਵਿੰਦਰ ਸਿੰਘ ਜੀ ਪਿੰਡ ਦੇ ਲੰਬੜਦਾਰ ਵੀ ਹਨ ਪਰ ਪਿੰਡ ਦੇ ਲੋਕ ਏਨ੍ਹਾਂ ਨੂੰ ਰੱਬ ਜੀ ਕਹਿ ਕੇ ਬੁਲਾਉਂਦੇ ਹਨ ਤੇ ਇਲਾਕੇ ਵਿੱਚ ਮਸਤਾਨਾ ਕਰਕੇ ਵੀ ਜਾਣਿਆ ਜਾਂਦਾ ਹੈ। ਮੇਰੇ ਬਾਬਾ ਸੰਤ ਮੋਹਣ ਸਿੰਘ ਜੀ ਤੇ ਰੱਬ ਜੀ, ਦੋਵੇਂ ਅਤਿ ਗੂੜੇ ਮਿੱਤਰ ਸਨ, ਦੋ ਜਿਸਮ ਇੱਕ ਜਾਨ। ਬਾਬਾ ਜੀ ਨੂੰ ਗੁਜਰਿਆਂ ਤਾਂ ਡੇਢ ਦਹਾਕਾ ਹੋ ਗਿਆ ਹੈ ਪਰ ਇਹਨਾਂ ਨੂੰ ਮਿਲਕੇ ਅਸੀਂ ਆਪਣੇ ਬਾਬਾ ਜੀ ਨੂੰ ਹੀ ਮਿਲ ਲੈਂਦੇ ਹਾਂ। ਖਾਸ ਕਰਕੇ ਦੋ ਤਿੰਨੀਂ ਮਹੀਨੀਂ ਬਾਬਾ ਜੀ ਨੂੰ ਜਰੂਰ ਮਿਲਣ ਜਾਂਦੇ ਹਾਂ। ਉਹਨਾਂ ਤੋਂ ਆਸ਼ੀਰਵਾਦ ਤੇ ਪਿਆਰ ਲੈਣ ਵਾਸਤੇ। ਮੇਰੇ ਬੇਟੇ ਸੰਤਾ ਸਿੰਘ ਨੇ ਥੋੜੇ ਦਿਨਾਂ ਨੂੰ ਕੈਨੇਡਾ ਚਲੇ ਜਾਣਾ ਹੈ। ਕਈਆਂ ਦਿਨਾਂ ਤੋਂ ਕਹਿ ਰਿਹਾ ਸੀ। ਪਾਪਾ ਜੀ ਆਪਾਂ ਬਾਬਾ ਜੀ ਨੂੰ ਮਿਲਣ ਜਾਣਾ ਹੈ। ਸੰਤਾ ਸਿੰਘ ਛੋਟਾ ਜਿਹਾ ਸੀ ਜਦ ਬਾਬਾ ਜੀ ਅਕਸਰ ਸਾਡੇ ਘਰ ਆਉਂਦੇ ਖੀਰ ਬਣਾਕੇ ਡੋਲੂ ਭਰਕੇ ਲਿਆਂਉਂਦੇ, ਕਦੀਂ ਕਦਾਈਂ ਘਰ ਦਾ ਬਣਿਆ ਹੋਇਆ ਗੁੜ ਵੀ ਲਿਆਉਂਦੇ ਸਾਡੇ ਵਾਸਤੇ। ਸੰਤਾ ਸਿੰਘ ਇਹਨਾਂ ਨਾਲ ਖੇਡਦਾ ਤੇ ਪਿਆਰ ਲੈਂਦਾ, ਰੱਬ ਜੀ ਤੇ ਮੇਰੇ ਬਾਬਾ ਜੀ ਆਪਣੇ ਪੜਪੋਤੇ ਨੂੰ ਲਾਡ ਲਡਾਉਂਦਿਆਂ ਬੜੇ ਖੁਸ਼ ਹੋਇਆ ਕਰਦੇ ਸਨ। ਭੈਣੀ ਸਾਹਿਬ ਕੋਈ ਮੇਲਾ ਹੋਣਾਂ ਤਾਂ ਦੋਵੇਂ ਬਾਬੇ ਇਕੱਠੇ ਜਾਂਦੇ, ਉਥੇ ਜਾ ਕੇ ਪ੍ਰਯੋਗਾਂ ਵਿੱਚ ਵੀ ਇਕੱਠੇ ਰਹਿੰਦੇ ਮਹੀਨਾ ਮਹੀਨਾ। ਸਾਡੇ ਘਰ ਜਿੰਨੇ ਦਿਨ ਰਹਿੰਦੇ ਮੈਂ ਉਹਨਾਂ ਨੂੰ ਦੁਨਿਆਵੀ ਗੱਲਾਂ ਕਰਦਿਆਂ ਕਦੀਂ ਵੀ ਨਹੀਂ ਸੀ ਵੇਖਿਆ ਜਾਂ ਸੁਣਿਆ। ਤੜਕੇ ਦੋ ਵਜੇ ਬਿਨਾ ਅਲਾਰਮੋਂ ਉੱਠਕੇ ਇਸ਼ਨਾਨ ਕਰਕੇ ਚੌਂਕੜਾ ਮਾਰ ਦਿਨ ਚੜਨ ਤੱਕ ਨਾਮ-ਸਿਮਰਨ ਕਰਨਾ ਤੇ ਪੰਜਾਂ ਬਾਣੀਆਂ ਦਾ ਪਾਠ ਦੋਵੇਂ ਜੁਬਾਨੀ ਹੀ ਬੋਲਕੇ ਉੱਚੀ-ਉੱਚੀ ਕਰਿਆ ਕਰਦੇ ਤੇ ਫਿਰ ਸੈਰ ਕਰਨ ਜਾਂਦੇ ਸਨ।

ਦਿਨੇਂ ਪ੍ਰਸ਼ਾਦ ਪਾਣੀ ਛਕ ਕੇ ਕਦੇ ਦਰਬਾਰ ਸਾਹਿਬ ਤੋਂ ਕਦੇ ਸੈਂਚੀਆਂ ਤੋਂ ਦੋਵੇਂ ਪਾਠ ਕਰਦੇ ਜਾਂ ਫੇਰ ਆਪਸ 'ਚ ਹੀ ਗੁਰਬਾਣੀ ਵੀਚਾਰ ਕਰਿਆ ਕਰਦੇ ਤੇ ਗੁਰੂ ਘਰ ਦੇ ਸਿੱਖਾਂ, ਸ਼ਹੀਦਾਂ ਦੀਆਂ ਸਾਖੀਆਂ ਕਰਦੇ ਸਨ। ਸ਼ਾਮ ਨੂੰ ਦੋਵੇਂ ਮਿੱਤਰ ਖਲੋ ਕੇ ਗਲਾਸ ਨਾਲ ਕੜਾ ਵਜਾ ਕੇ ਪੁਰਾਤਨ ਨਾਮਧਾਰੀ ਸ਼ੈਲੀ ਨਾਲ ਜੋਟੀਆਂ ਦੇ ਸ਼ਬਦ ਪੜਦੇ, ਰਹਿਰਾਸ ਤੇ ਕੀਰਤਨ ਸੋਹਿਲੇ ਦਾ ਪਾਠ ਕਰਦੇ, ਅਰਦਾਸ ਕਰਦੇ ਤੇ ਛੇਤੀਂ ਸੌਂ ਜਾਂਦੇ। ਸਾਡੇ ਘਰ ਦਾ ਮਾਹੌਲ ਸਤਿਜੁਗੀ ਬਣਿਆ ਰਹਿੰਦਾ। ਸਹਿਜ ਸੁਭਾਅ ਹੀ ਮੈਨੂੰ ਦੀਵਾਨ ਦੇ ਕਈ ਪ੍ਰਸੰਗ ਤੇ ਸਾਖੀਆਂ ਸਿੱਖਣ ਨੂੰ ਮਿਲ ਗਈਆਂ। ਦੋਵੇਂ ਬਾਬੇ ਦੁਆਬੇ ਦੇ ਪਿੰਡਾਂ ਵਿੱਚ ਨਾਮਧਾਰੀ ਘਰਾਂ 'ਚ ਜਾ ਕੇ ਦੀਵਾਨ ਲਾਉਂਦੇ, ਕਥਾ ਕਰਦੇ, ਗੈਰ ਨਾਮਧਾਰੀ ਸਿੱਖ ਵੀ ਇਹਨਾਂ ਨੂੰ ਬੁਲਾਕੇ ਇਹਨਾ ਦਾ ਬਹੁਤ ਸਤਿਕਾਰ ਕਰਦੇ ਤੇ ਇਹਨਾ ਤੋਂ ਹੀ ਆਪਣੇ ਕਾਰਜ ਸਿੱਧੀ ਵਾਸਤੇ ਅਰਦਾਸ ਕਰਵਾ ਆਪਣੇ ਆਪ ਨੂੰ ਵਡਭਾਗਾ ਸਮਝਦੇ।

ਅਕਾਲੀ ਸਿੰਘਾਂ ਵਿੱਚ ਜਾਕੇ ਵੀ ਇਹ ਦੋਵੇਂ ਨਾਮਧਾਰੀ ਅਕੀਦੇ ਅਨੁਸਾਰ ਅਰਦਾਸ ਕਰਦੇ, ਪਿੰਡ ਦੇ ਸਾਂਝੇ ਗੁਰਦੁਆਰਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਂਦੇ। ਕਿਸੇ ਨੂੰ ਵੀ ਇਹਨਾਂ ਦੇ ਅਕੀਦੇ ਤੇ ਇਤਰਾਜ਼ ਨਹੀਂ ਸੀ ਹੁੰਦਾ। ਸਾਂਝੀਵਾਲਤਾ ਤੇ ਪਿਆਰ ਨਾਲ ਭਰੇ ਇਹਨਾਂ ਬਾਬਿਆਂ ਨੇ ਕਦੇ ਕਿਸੇ ਦਾ ਦਿਲ ਨਹੀਂ ਦੁਖਾਇਆ, ਕਿਸੇ ਦੇ ਧਾਰਮਿਕ ਵਿਸ਼ਵਾਸ ਤੇ ਸੱਟ ਨਹੀਂ ਮਾਰੀ, ਕਦੀਂ ਵੀ ਕਥਾ ਕੀਰਤਨ ਦੀ ਭੇਟਾ ਕਿਸੇ ਵੀ ਰੂਪ ਵਿੱਚ ਨਹੀਂ ਪ੍ਰਵਾਨ ਕੀਤੀ। ਕਹਿੰਦੇ ਸਨ ਸਤਿਗੁਰਾਂ ਦਾ ਹੁਕਮ ਬਾਣੀ ਵੇਚਣ ਦਾ ਨਹੀਂ ਹੈ। ਕਈ ਵਾਰ ਕਿਸੇ ਗੁਰੂ ਪਿਆਰੇ ਨੇ ਧੱਕੇ ਨਾਲ ਮਾਇਆ ਦੇ ਦੇਣੀ ਤਾਂ ਦੋਵਾਂ ਬਾਬਿਆਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਜਾਕੇ ਗੁਰੂ ਦੇ ਲੰਗਰ ਵਾਸਤੇ ਮੱਥਾ ਟੇਕ ਖੁਸ਼ੀਆਂ ਮੰਗਣੀਆਂ ਤੇ ਅਰਜ ਕਰਨੀ ਸੱਚੇ ਪਾਤਿਸ਼ਾਹ ਕਿਰਪਾ ਰੱਖਣਾਂ ਸਾਨੂੰ ਤੇ ਸਾਡੇ ਪਰਿਵਾਰ ਨੂੰ ਸਿੱਖੀ ਦਾ ਦਾਨ ਬਖਸ਼ਣਾਂ।ਜਦ ਮੇਰੇ ਬਾਬਾ ਜੀ ਦੇਹ ਤਿਆਗ ਗਏ ਤਾਂ ਹੰਸਾ ਦੀ ਜੋੜੀ ਵਿੱਛੜ ਗਈ। ਰੱਬ ਜੀ ਮੈਨੂੰ ਆਖਣ ਲੱਗੇ ਤੇਰੇ ਬਾਬੇ ਨੇ ਤੈਨੂੰ ਕੀਰਤਨ ਕਰਨ ਲਾਇਆ ਹੈ। ਇਹ ਦਾਤ ਵੱਡੇ ਭਾਗੀਂ ਮਿਲਦੀ ਹੈ। ਸਤਿਗੁਰ ਜੀ ਦੀ ਕਿਰਪਾ ਨਾਲ ਤੂੰ ਵੀ ਬਾਬੇ ਵਾਲੀ ਥਾਂ ਲਵੀਂ, ਕੀਰਤਨ ਮਾਇਆ ਕਰਕੇ ਨਹੀਂ ਕਰਨਾ, ਗਰੀਬ ਗੁਰਬੇ ਦੀ ਸੇਵਾ ਕਰੀਂ ਯਥਾਸਕਤ, ਸਤਿਗੁਰੂ ਦੇ ਚਰਨੀਂ ਲੱਗਿਆਂ ਰਹੀਂ, ਤੋਟ ਨਹੀਂ ਆਵੇਗੀ। ਜਦੋਂ ਮੈਂ ਬੁਲਾਵਾਂ ਪਿੰਡ ਜਰੂਰ ਆਵੀਂ ਤੇ ਦੀਵਾਨ ਲਾਇਆ ਕਰੀਂ ਢੋਲਕੀ ਛੈਣਿਆਂ ਨਾਲ ਹੋਰ ਵੀ ਕੋਈ ਆਖੇ ਤਾਂ ਬਾਬੇ ਵਾਂਗ ਨਾਂਹ ਕਿਸੇ ਨੂੰ ਨਾਂ ਕਰੀਂ, ਹਰੀ ਜੱਸ ਦਾ ਵੱਡਾ ਮਹਾਤਮ ਦੱਸਿਆ ਹੈ ਮਹਾਰਾਜ ਨੇ। ਤੇਰੇ ਬਾਬਾ ਜੀ ਨਾਲ ਮੇਰੀ ਦੋਸਤੀ 40 ਸਾਲ ਨਿਭੀ ਹੈ ਸਾਡਾ ਰਿਸ਼ਤਾ ਸਿਰਫ ਤੇ ਸਿਰਫ ਸਤਿਗੁਰੂ ਵਾਲਾ ਰਿਹਾ ਹੈ

ਅਸੀਂ ਕਦੇ ਮਾਇਆ ਨਹੀਂ ਆਉਣ ਦਿੱਤੀ ਆਪਣੇ ਵਿੱਚ ਤਾਂ ਹੀ ਗੁਰੂ ਨੇ ਕਿਰਪਾ ਕਰਕੇ ਨਿਭਾ ਦਿੱਤੀ ਸਾਡੀ, ਗੁਰਸਿੱਖੀ ਦਾ ਰਿਸ਼ਤਾ ਸਭ ਤੋਂ ਉੱਤਮ ਹੁੰਦਾ ਹੈ, ਨਾਲੇ ਜਦੋਂ ਮੈਂ ਚੜਾਈ ਕਰ ਗਿਆ ਤਾਂ ਮੇਰੇ ਅੱਗੇ ਅੱਗੇ ਇਸੇ ਤਰ੍ਹਾਂ ਢੋਲਕੀ ਛੈਣੇ ਲੈ ਕੇ ਸ਼ਬਦ ਪੜਦੇ ਲਿਜਾਇਓ ਮੈਨੂੰ ਸਸਕਾਰ ਕਰਨੇ ਨੂੰ। ਬਾਬਾ ਜੀ ਅਕਸਰ ਭੈਣੀ ਸਾਹਿਬ ਮੇਲਿਆਂ ਤੇ ਮਿਲਦੇ ਨੇ ਇਕ ਬੇਟਾ ਇਹਨਾਂ ਦਾ ਇੰਗਲੈਂਡ ਰਹਿੰਦਾ ਤੇ ਦੂਸਰਾ ਕੈਨੇਡੀਅਨ ਹੈ। ਕਈ ਵਾਰ ਇੰਗਲੈਂਡ ਜਾ ਆਏ ਹਨ।

ਸੰਤਾ ਸਿੰਘ ਉਦੋਂ ਬਚਪਨ ਵਿੱਚ ਹੀ ਸੀ। ਸੋ ਉਸਨੂੰ ਬਾਕੀ ਗਲਾਂ ਦਾ ਤਾਂ ਨਹੀ ਸੀ ਪਤਾ ਪਰ ਉਹਨੂੰ ਮੇਰੇ ਬਾਬਾ ਜੀ ਦਾ ਪਿਆਰ ਤੇ ਰੂਪ, ਰੱਬ ਜੀ ਵਿੱਚ ਹੀ ਦਿਸਦਾ ਹੈ। ਜਦੋਂ ਫਗਵਾੜੇ ਤੋਂ ਹੁੰਦੇ ਹੋਏ ਬੰਗਾ ਰੋਡ ਹਾਈਵੇ ਤੇ ਬਹਿਰਾਮ ਕਸਬੇ ਤੋਂ ਸੱਜੇ ਮੁੜੇ ਤਾਂ ਰੇਲ ਦੀ ਲੀਹ ਟੱਪਕੇ ਹੀ 'ਕੱਟਾਂ, ਪਿੰਡ ਆਉਂਦਾ ਹੈ। ਮੀਂਹ ਬੜਾ ਤੇਜ ਸੀ ਅਸੀਂ ਥੋੜਾ ਰਾਹ ਭੁਲ ਗਏ, ਬਾਬਾ ਜੀ ਦੇ ਘਰ ਦਾ ਪਤਾ ਪਿੰਡ ਦੀ ਫਿਰਨੀ ਹੈ ਤੇ ਇਕ ਬੰਦੇ ਨੂੰ ਕਾਰ ਹੋਲੀ ਕਰਕੇ ਮੈ ਇਹੀ ਪੁੱਛਿਆ 'ਰੱਬ ਜੀ ਦੇ ਘਰ ਜਾਣਾ ਹੈ।' ਉਸਨੇ ਦੋ ਲਫਜ਼ਾਂ ਤੇ ਇੱਕ ਇਸ਼ਾਰੇ ਨਾਲ ਦਸ ਦਿੱਤਾ। ਸੰਤਾ ਸਿੰਘ ਮੈਨੂੰ ਪੁੱਛਣ ਲੱਗਾ ਪਾਪਾ, ਬਾਬਾ ਜੀ ਨੂੰ 'ਰੱਬ ਜੀ' ਕਿਉਂ ਕਹਿੰਦੇ ਨੇ? ਮੈਂ ਆਖਿਆ ਬੇਟਾ ਹੁਣੇ ਪਤਾ ਲੱਗ ਜਾਵੇਗਾ। ਸਵੇਰ ਦੇ 6 ਵੱਜੇ ਸੀ। ਰਾਹ ਦੱਸਣ ਵਾਲੇ ਤੋਂ ਬਿਨਾਂ ਕੋਈ ਵੀ ਹੋਰ ਬੰਦਾ ਸਾਨੂੰ ਪਿੰਡ ਵਿੱਚ ਜਾਗਦਾ ਨਹੀਂ ਸੀ ਮਿਲਿਆ ਤੇ ਸਾਰੇ ਘਰਾਂ ਦੇ ਦਰਵਾਜੇ ਬੰਦ ਸਨ। ਮੈਂ ਹੋਲੀ-ਹੋਲੀ ਕਾਰ ਇਕ ਵੀਹੀ 'ਚ ਵਾੜੀ ਤਾਂ ਮੇਰੀਆਂ ਨਜ਼ਰਾਂ ਅਜੇ ਘਰ ਪਛਾਣ ਹੀ ਰਹੀਆਂ ਸਨ ਕਿ ਬਾਣੀ ਪੜਨ ਦੀ ਉੱਚੀ ਭਰਵੀਂ ਆਵਾਜ ਕੰਨੀ ਪਈ- 'ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ 'ਬਾਬਾ ਜੀ ਦੇ ਘਰ ਦਾ ਬੂਹਾ ਖੁੱਲਾ ਸੀ ਤੇ ਉਹ ਸਾਹਮਣੇ ਡੱਠੀ ਮੰਜੀ ਤੇ ਆਸਣ ਵਿਛਾਕੇ ਪਾਠ ਕਰ ਰਹੇ ਸਨ। ਸੰਤਾ ਸਿੰਘ ਭੱਜਕੇ ਦਹਿਲੀਜ ਅੰਦਰ ਵੜਿਆ ਤੇ ਮੱਥਾ ਟੇਕ ਕੇ ਮੰਜੀ ਤੇ ਬੈਠੇ ਬਾਬਾ ਜੀ ਦੇ ਗਲ ਨੂੰ ਚਿੰਬੜ ਗਿਆ। ਬਾਬਾ ਜੀ ਅਤੀ ਪ੍ਰਸੰਨ ਹੋਏ ਉੱਚੀ ਆਵਾਜ ਚ ਬੋਲੇ "ਮੈਂ ਕਈਆਂ ਦਿਨਾਂ ਦਾ ਚੇਤੇ ਕਰਦਾ ਸੀ ਖੌਰੇ ਕਦੋਂ ਮੇਲੇ ਹੋਣੇ ਨੇ। ਤੁਹਾਡੇ ਬਾਬਾ ਜੀ ਵੀ ਇਵੇਂ ਆ ਜਾਂਦੇ ਸੀ ਜਦੋਂ ਮੈਂ ਯਾਦ ਕਰਦਾ ਸੀ।" ਬਾਬਾ ਜੀ ਨੇ ਮੈਨੂੰ ਜੱਫੀ ਵਿੱਚ ਲੈਕੇ ਆਖਿਆ। ਇਹ ਸਮਾਂ ਮੇਰੇ ਵਾਸਤੇ ਭਾਵੁਕ ਹੋ ਗਿਆ ਸੀ। ਮੈਂ ਕਿਹਾ ਬਾਬਾ ਜੀ ਤੁਹਾਡਾ ਪੜਪੋਤਾ ਕੈਨੇਡਾ ਚੱਲਿਆ ਹੈ ਆਸ਼ੀਰਵਾਦ ਦਿਉ ਇਹਨੂੰ। ਬਾਬਾ ਜੀ ਬੜੇ ਖੁਸ਼ ਹੋਏ। ਸੰਤਾ ਸਿੰਘ ਨੂੰ ਕਹਿਣ ਲੱਗੇ ਖੂਬ ਵਿੱਦਿਆ ਲਵੋ, ਤਰੱਕੀਆਂ ਕਰੋ ਸੱਚੇ ਪਾਤਸ਼ਾਹ ਜੀ ਤੇ ਪੂਰਨ ਭਰੋਸਾ ਰੱਖਣਾਂ, ਨਾਮ ਜਪਣਾਂ, ਸਿੱਖੀ ਸੰਭਾਲ ਕੇ ਰੱਖਣੀਂ, ਸਤਿਗੁਰੂ ਸਦਾ ਸਹਾਈ ਹੋਣਗੇ। ਅਸੀਸਾਂ ਦੇ ਨਾਲ-ਨਾਲ ਬਾਬਾ ਜੀ ਨੇ ਸਿੱਖਿਆਵਾਂ ਵੀ ਦਿੱਤੀਆਂ।ਹੁਣ ਰੱਬ ਜੀ ਕਹਿਣ ਲਗੇ ਮੈ ਕੋਰਾ ਅਨਪੜ੍ਹ ਹਾਂ ਪਰ ਗੁਰੂ ਦੀ ਕਿਰਪਾ ਵੇਖੋ ਗੁਰਬਾਣੀ ਸੁਣਕੇ ਹੀ ਕਿੰਨੀ ਯਾਦ ਹੋ ਗਈ, ਮੇਰੀ ਮਾਂ ਦਾ ਇਸ ਵਿੱਚ ਵੱਡਾ ਹੱਥ ਹੈ। ਫੇਰ ਇਕ ਤੋਂ ਬਾਅਦ ਇਕ ਗੁਰਬਾਣੀ ਦਾ ਸ਼ਬਦ ਰੱਬ ਜੀ ਪੜੀ ਜਾ ਰਹੇ ਸਨ, ਅਨੇਕਾਂ ਹੀ ਸ਼ਬਦ ਪੜ੍ਹੇ ਰੰਗ ਵਿੱਚ ਰੱਤਿਆਂ ਹੋਇਆਂ ਨੇ ਨਾਲੇ ਅੱਖਾਂ 'ਚੋਂ ਨੀਰ ਵਹਿ ਰਿਹਾ ਸੀ। ਬਾਣੀ ਦੇ ਰੰਗ ਵਿੱਚ ਤੇ ਭਜਨ ਦੀ ਮਸਤੀ ਵਿੱਚ ਰੰਗੇ ਹੋਏ ਰੱਬ ਜੀ ਸਾਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਮਾਨਾਂਵਾਲੇ ਹੋਲੇ ਦਾ ਪ੍ਰਸੰਗ ਸੁਣਾਇਆ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਸਾਖੀਆਂ ਸੁਣਾਈਆਂ, ਸਤਿਗੁਰੂ ਜਗਜੀਤ ਸਿੰਘ ਜੀ ਤੇ ਹਜੂਰ ਸਤਿਗੁਰੂ ਉਦੇ ਸਿੰਘ ਜੀ ਦੇ ਬਚਨ ਸੁਣਾਏ ਜੋ ਇਹਨਾ ਨਾਲ ਹੋਏ ਜਾਂ ਇਹਨਾਂ ਸਾਹਮਣੇ ਵਾਪਰੇ ਸਨ। ਵਲੈਤ ਵਿੱਚ ਸਵਾਮੀ ਨਰਾਇਣ ਮੰਦਰ ਵਿੱਚ ਲੱਗੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਦਾ ਜ਼ਿਕਰ ਕਰ ਮੈਨੂੰ ਆਖਣ ਲੱਗੇ ਆਸਾ ਦੀ ਵਾਰ ਵਿਚਲਾ ਗੁਰੂ ਸਾਹਿਬ ਦਾ ਸਲੋਕ ਸੁਣਾ,

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਮੇਰੇ ਨਾਲ ਨਾਲ ਪੜਨ ਲੱਗੇ ਤੇ ਅਖੀਰ ਪਉੜੀ॥
ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੇ ਤ ਮਸਤਕਿ ਲਾਈਐ॥

ਪੜ੍ਹ ਸਮਾਪਤੀ ਕੀਤੀ। ਮੈਂ ਸਿਹਤ ਦਾ ਹਾਲ ਪੁੱਛਿਆ ਤਾਂ ਕਹਿੰਦੇ ਬੜੀ ਕਿਰਪਾ ਸਤਿਗੁਰੂ ਜੀ ਦੀ ਆਪਣਾ ਇਸ਼ਨਾਨ ਕਰ ਲਈਦੈ, ਤੁਰੀ ਫਿਰੀ ਜਾਈਦਾ ਆਹ ਪੈਰਾਂ ਵਿੱਚ ਜਰਾ ਸੜਨ ਜਿਹੀ ਹੁੰਦੀ ਹੈ ਪਰ ਦੇਖੋ ਗੁਰੂ ਦੀ ਕਿਰਪਾ ਇਹ ਵੀ ਵਧੀਆ ਹੈ ਕਿ ਪੈਰਾਂ 'ਚ ਹੀ ਤਕਲੀਫ ਹੈ ਜੇ ਕਿਸੇ ਸਰੀਰ ਦੇ ਹੋਰ ਅੰਗ ਵਿੱਚ ਹੁੰਦੀ ਤਾਂ ਫੇਰ ਔਖਾ ਸੀ ਨਾ ਇਸ਼ਨਾਨ ਕਰਨਾਂ, ਨਾਮ ਜਪਣਾ, ਬਾਣੀ ਪੜਨੀ। ਗੁਰੂ ਨੇ ਏਨੇ 'ਚ ਹੀ ਦੁੱਖ ਤੋਂ ਛੁਟਕਾਰਾ ਦੇ ਦਿੱਤਾ। ਅਖੀਰ ਬਾਬਾ ਜੀ ਤੋਂ ਆਗਿਆ ਮੰਗੀ ਤਾਂ ਉਹਨਾਂ ਕਮਰੇ ਵਿੱਚ ਲੱਗੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਅੱਗੇ ਖੜੋ ਕਹਿੰਦੇ ਅਰਦਾਸ ਕਰ ਲਈਏ ਕਾਕਾ ਫੇਰ ਜਾਣਾ। ਪ੍ਰਿਥਮ ਭਗੌਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ...ਬਾਬਾ ਜੀ ਭਰਵੀਂ ਆਵਾਜ 'ਚ ਅਰਦਾਸ ਕਰਨ ਲਗੇ ਨੇਤਰ ਗੁਰੂ ਪਿਆਰ 'ਚ ਵਗ ਰਹੇ ਸਨ। ਪਹਿਰੇ ਦੇ ਮਾਲਕ ਸਤਿਗੁਰੂ ਉਦੇ ਸਿੰਘ ਜੀ ਸਭ ਥਾਈ ਹੋਹੁ ਸਹਾਇ॥ ਮੰਗ ਮੰਗੀ ਸੱਚੇ ਪਾਤਿਸ਼ਾਹ ਆਪਣੇ ਸੇਵਕਾਂ ਨੂੰ ਸਿੱਖੀ-ਸਿਦਕ ਭਰੋਸਾ ਬਖਸ਼ਣਾ, ਸਾਰੇ ਕਾਰਜ ਰਾਸ ਕਰਨੇ, ਅੰਗ ਸੰਗ ਸਹਾਈ ਹੋਣਾ, ਸਤਿਗੁਰੂ ਰਾਮ ਸਿੰਘ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ। ਅਸੀਂ ਆਗਿਆ ਲੈ ਵਾਪਸੀ ਲੁਧਿਆਣੇ ਮੁੜ ਆਏ। ਸੰਤਾ ਸਿੰਘ ਨੂੰ ਉਹਦੀ ਗਲ ਦਾ ਜਵਾਬ ਮਿਲ ਗਿਆ ਸੀ ਕਿ ਬਾਬਾ ਜੀ ਨੂੰ ਪਿੰਡ ਵਾਲੇ ਰੱਬ ਜੀ ਕਿਉਂ ਕਹਿੰਦੇ ਹਨ। ਬਾਬਾ ਫਰੀਦ ਦੀਆਂ ਇਹ ਤੁਕਾਂ ਰੱਬ ਜੀ ਸ਼ਾਇਦ ਰੂਪਮਾਨ ਕਰਦੇ ਹਨ।

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥

..................................................

# ਆਧੁਨਿਕਤਾ ਦਾ ਅਸਰ, ਬੱਚੇ ਹੋਏ ਸੰਸਕਾਰਹੀਨ

**ਅਲੀਸ਼ਾ**

ਤਬਦੀਲੀ ਸ੍ਰਿਸ਼ਟੀ ਦਾ ਨਿਯਮ ਹੈ। ਸਮੇਂ ਦੇ ਨਾਲ-ਨਾਲ ਤਬਦੀਲੀ ਹੋਣੀ ਜ਼ਰੂਰੀ ਹੈ ਅਤੇ ਜੋ ਸਮੇਂ ਮੁਤਾਬਿਕ ਨਹੀਂ ਬਦਲਦੇ, ਉਹ ਰੂੜੀਵਾਦੀ ਅਖਵਾਉਂਦੇ ਹਨ ਪਰ ਕੁਦਰਤ ਨੇ ਕਦੇ ਖ਼ੁਦ ਨੂੰ ਨਹੀਂ ਬਦਲਿਆ। ਕੁਦਰਤ 'ਚ ਤਬਦੀਲੀ ਦੀ ਕਲਪਨਾ ਨਾਲ ਹੀ ਕਾਂਬਾ ਛਿੜ ਜ਼ਾਂਦਾ ਹੈ। ਅਸਲੀਅਤ ਇਹ ਹੈ ਕਿ ਤਬਦੀਲੀ ਕੁਦਰਤ 'ਚ ਨਹੀਂ, ਸਮਾਜ 'ਚ ਹੁੰਦੀ ਹੈ ਅਤੇ ਸਮਾਜ ਦੀ ਇਹੋ ਤਬਦੀਲੀ ਸਾਡੇ ਬੱਚਿਆਂ 'ਚ ਸਪੱਸ਼ਟ ਨਜ਼ਰ ਆਉਂਦੀ ਹੈ ਪਰ ਮੌਜੂਦਾ ਦੌਰ 'ਚ ਇਹ ਤਬਦੀਲੀ ਬਹੁਤ ਭਿਆਨਕ ਹੈ, ਜਿਸ ਦੀ ਮਿਸਾਲ ਗੁੜਗਾਓਂ ਦੀ ਉਹ ਤਾਜ਼ਾ ਘਟਨਾ ਹੈ, ਜਿਸ ਵਿਚ 'ਸੈਕਸ ਐਂਡ ਸਮੋਕ' ਨਾਮੀ ਪਾਰਟੀ 'ਚ ਸ਼ਾਮਿਲ ਸਾਰੇ ਬੱਚੇ ਨਾਬਾਲਿਗ ਸਨ।

ਕੀ ਇਸ ਦੇ ਲਈ ਬੱਚੇ ਹੀ ਦੋਸ਼ੀ ਹਨ? ਜਨਮ ਦੇ ਸਮੇਂ ਤੋਂ ਬੱਚੇ ਨੂੰ ਉਦੋਂ ਤਕ ਰੱਬ ਦਾ ਰੂਪ ਮੰਨਿਆ ਜਾਂਦਾ ਹੈ, ਜਦੋਂ ਤਕ ਉਸ 'ਤੇ ਮਾਂ-ਪਿਓ ਤੇ ਸੰਗਤ ਦਾ ਅਸਰ ਨਹੀਂ ਹੁੰਦਾ। ਪੂਰੀ ਦੁਨੀਆ 'ਚ ਨਵਜੰਮੇ ਬੱਚੇ ਦਾ ਸੁਭਾਅ, ਵਤੀਰਾ ਅਤੇ ਕਾਰਗੁਜ਼ਾਰੀ ਇਕੋ ਜਿਹੀ ਹੁੰਦੀ ਹੈ, ਜਿਹੋ-ਜਿਹਾ ਕੁਦਰਤ ਉਸ ਨੂੰ ਬਣਾਉਂਦੀ ਹੈ ਪਰ ਜਿਵੇਂ-ਜਿਵੇਂ ਉਹ ਵੱਡਾ ਹੁੰਦਾ ਜਾਂਦਾ ਹੈ, ਉਸ 'ਤੇ ਮਾਹੌਲ ਅਤੇ ਸੰਗਤ ਦਾ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ।

ਆਧੁਨਿਕਤਾ ਦੀ ਅੰਨ੍ਹੀ ਦੌੜ ਨੇ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਤੇ ਸੰਸਕਾਰ ਖੋਹ ਲਏ ਹਨ। ਅੱਜ ਬੱਚੇ ਫੇਸਬੁੱਕ, ਬਲਾਗ, ਚੈਟਿੰਗ ਵਰਗੀਆਂ ਚੀਜ਼ਾਂ 'ਚ ਤਾਂ ਮੁਹਾਰਤ ਹਾਸਿਲ ਕਰ ਰਹੇ ਹਨ ਪਰ ਸੰਸਕਾਰ ਦੇ ਨਾਂ 'ਤੇ ਆਪਣੇ ਵੱਡਿਆਂ ਦੇ ਪੈਰੀਂ ਹੱਥ ਲਾਉਣਾ ਭੁੱਲ ਗਏ ਹਨ।

ਇਕ ਸਮਾਂ ਸੀ, ਜਦੋਂ ਭਾਰਤ 'ਚ, ਖ਼ਾਸ ਕਰਕੇ ਪਿੰਡਾਂ 'ਚ ਕੁਝ ਖੇਡਾਂ ਵੱਖ-ਵੱਖ ਰੂਪਾਂ 'ਚ ਖੇਡੀਆਂ ਜਾਂਦੀਆਂ ਸਨ ਜਿਵੇਂ ਗੁੱਲੀ-ਡੰਡਾ, ਖੋ-ਖੋ, ਕਬੱਡੀ ਵਗੈਰਾ। ਸ਼ਾਮ ਦੇ ਸਮੇਂ ਜਾਂ ਸਕੂਲ ਤੋਂ ਛੁੱਟੀ ਵਾਲੇ ਦਿਨ ਗਲੀ-ਮੁਹੱਲੇ ਇਨ੍ਹਾਂ ਬੱਚਿਆਂ ਤੇ ਖੇਡਾਂ ਨਾਲ ਗੁਲਜ਼ਾਰ ਹੁੰਦੇ ਸਨ। ਇਨ੍ਹਾਂ ਖੇਡਾਂ ਨਾਲ ਬੱਚਿਆਂ ਦਾ ਬੌਧਿਕ ਤੇ ਸਰੀਰਕ ਵਿਕਾਸ ਹੁੰਦਾ ਸੀ, ਆਪਸੀ ਸਹਿਯੋਗ ਤੇ ਟੀਮ ਭਾਵਨਾ ਪੈਦਾ ਹੁੰਦੀ ਸੀ।

ਪਰ ਅੱਜ ਤਾਂ ਮਾਂ-ਪਿਓ ਵੀ ਇਨ੍ਹਾਂ ਖੇਡਾਂ ਤੋਂ ਅਣਜਾਣ ਹਨ। ਉਨ੍ਹਾਂ ਨੇ ਆਧੁਨਿਕਤਾ ਦੇ ਨਾਂ 'ਤੇ ਬੱਚਿਆਂ ਨੂੰ ਗੁੱਲੀ-ਡੰਡੇ ਦੀ ਥਾਂ ਕ੍ਰਿਕਟ, ਬਿਲੀਅਰਡਸ, ਮੋਬਾਈਲ ਗੇਮਜ਼, ਵੀਡੀਓ ਗੇਮਜ਼, ਫੇਸਬੁੱਕ, ਚੈਟਿੰਗ ਵਰਗੀਆਂ ਆਧੁਨਿਕ ਚੀਜ਼ਾਂ ਵੱਲ ਮੋੜ ਦਿੱਤਾ ਹੈ, ਜੋ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਖੋਹ ਕੇ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ 'ਕੱਚੀ ਪ੍ਰਪੱਕਤਾ' ਵੱਲ ਲਿਜਾ ਰਹੀਆਂ ਹਨ ਤੇ ਇਸੇ ਕਰਕੇ ਬੱਚੇ ਮਾਨਸਿਕ ਤੇ ਸਰੀਰਕ ਤੌਰ 'ਤੇ ਕਮਜ਼ੋਰ ਹੋ ਰਹੇ ਹਨ।

ਇਹ ਤਬਦੀਲੀ ਕੁਦਰਤ ਦੀ ਨਹੀਂ, ਸਗੋਂ ਸਮਾਜ ਦੀ ਦੇਣ ਹੈ। ਕੀ ਅੱਜ ਮਾਂ-ਪਿਓ ਆਪਣੇ ਬੱਚਿਆਂ ਨੂੰ ਉਹ ਸੰਸਕਾਰ ਦੇ ਰਹੇ ਹਨ, ਜਿਨ੍ਹਾਂ ਨੂੰ ਅਪਣਾ ਕੇ ਉਹ ਖ਼ੁਦ ਵੱਡੇ ਹੋਏ? ਵੱਡਿਆਂ ਨੂੰ ਹੱਥ ਜੋੜ ਕੇ ਨਮਸਤੇ ਕਰਨ ਤੇ ਪੈਰੀਂ ਹੱਥ ਲਾਉਣ ਦੀ ਬਜਾਏ ਬੱਚੇ ਹੁਣ ਸਿਰਫ਼ ਮੂੰਹ ਨਾਲ ਨਮਸਤੇ ਕਹਿਣ ਤੇ ਗੋਡਿਆਂ ਤਕ ਹੱਥ ਝੁਕਾ ਲੈਣ ਤਕ ਸੀਮਤ ਰਹਿ ਗਏ ਹਨ।

ਕੁਝ ਸਾਲ ਪਹਿਲਾਂ 31 ਮਾਰਚ ਨੂੰ ਸਕੂਲਾਂ ਦੇ ਸਾਲਾਨਾ ਨਤੀਜੇ ਦੇ ਸਮੇਂ ਸ਼ਹਿਰ ਦੇ ਹਲਵਾਈ ਵੱਡੀ ਮਾਤਰਾ 'ਚ ਲੱਡੂ ਬਣਾਉਂਦੇ ਸਨ ਅਤੇ 33 ਫੀਸਦੀ ਨੰਬਰਾਂ ਨਾਲ ਵੀ ਬੱਚੇ ਦੇ ਪਾਸ ਹੋਣ 'ਤੇ ਮੁਹੱਲੇ 'ਚ ਲੱਡੂ ਵੰਡੇ ਜਾਂਦੇ ਸਨ ਪਰ ਅੱਜ 90 ਫੀਸਦੀ ਤੋਂ ਘੱਟ ਨੰਬਰ ਆਉਣ 'ਤੇ ਬੱਚਿਆਂ ਵਲੋਂ ਖ਼ੁਦਕੁਸ਼ੀਆਂ ਕਰਨ ਦੀਆਂ ਖ਼ਬਰਾਂ ਆਮ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ।

ਕਿਸੇ ਸਮੇਂ ਮਾਪੇ ਬੱਚਿਆਂ ਨੂੰ ਸਾਈਕਲ ਚਲਾਉਣਾ ਸਿਖਾਉਂਦੇ ਨਜ਼ਰ ਆਉਂਦੇ ਸਨ ਪਰ ਹੁਣ ਬੱਚੇ ਕਦੋਂ ਬਾਈਕ 'ਤੇ ਫਰਾਟੇ ਮਾਰਦੇ ਨਜ਼ਰ ਆਉਂਦੇ ਹਨ, ਉਨ੍ਹਾਂ ਨੂੰ ਵੀ ਪਤਾ ਨਹੀਂ ਲੱਗਦਾ। ਵੱਡਾ ਹੋ ਕੇ ਬੱਚਾ ਇੰਜੀਨੀਅਰ ਬਣੇ ਤੇ ਮਾਂ-ਪਿਓ ਦੀ ਸੇਵਾ ਕਰੇ, ਹਰੇਕ ਮਾਂ-ਪਿਓ ਦਾ ਇਹੋ ਸੁਪਨਾ ਹੁੰਦਾ ਹੈ। ਅੱਜ ਬਹੁਤ ਘੱਟ ਪਰਿਵਾਰ ਹਨ, ਜਿਨ੍ਹਾਂ 'ਚ ਕੋਈ ਇੰਜੀਨੀਅਰ ਨਾ ਹੋਵੇ ਜਾਂ ਉਨ੍ਹਾਂ ਦਾ ਇੰਜੀਨੀਅਰ ਬੱਚਾ ਉਨ੍ਹਾਂ ਨਾਲ ਰਹਿ ਕੇ ਉਨ੍ਹਾਂ ਦੀ ਸੇਵਾ ਕਰ ਰਿਹਾ ਹੋਵੇ।

ਪਰ ਕੀ ਇਨ੍ਹਾਂ ਸਾਰੀਆਂ ਸਥਿਤੀਆਂ ਲਈ ਸਿਰਫ਼ ਬੱਚੇ ਜ਼ਿੰਮੇਵਾਰ ਹਨ ਜਾਂ ਉਨ੍ਹਾਂ ਨੂੰ ਮਿਲਿਆ ਮਾਹੌਲ ਜ਼ਿੰਮੇਵਾਰ ਹੈ ? ਕੀ ਇਸ ਦੇ ਲਈ ਉਹ ਆਧੁਨਿਕ ਮਾਪੇ ਜ਼ਿੰਮੇਵਾਰ ਨਹੀਂ, ਜੋ ਆਪਣੇ ਕੈਰੀਅਰ ਦੀ ਦੌੜ 'ਚ ਬੱਚਿਆਂ ਨੂੰ ਹੋਸਟਲ 'ਚ ਦਾਖ਼ਲ ਕਰਵਾ ਕੇ ਅਤੇ ਉਨ੍ਹਾਂ ਦੀ ਹਰੇਕ ਲੋੜ ਨੂੰ ਪੈਸੇ ਨਾਲ ਜੋੜ ਕੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਰਹੇ ਹਨ ? ਗੁੜਗਾਓਂ ਦੀ ਕਲੱਬ ਵਾਲੀ ਘਟਨਾ ਜਾਂ ਕੁੜੀਆਂ ਦੇ ਸਕੂਲ 'ਚ ਸ਼ਰਾਬ ਪੀਣ ਦੀਆਂ ਘਟਨਾਵਾਂ ਤਾਂ ਮਿਸਾਲ ਮਾਤਰ ਹਨ, ਜੋ ਮੀਡੀਆ ਕਾਰਨ ਸਾਹਮਣੇ ਆਈਆਂ, ਅਸਲੀਅਤ ਇਸ ਨਾਲੋਂ ਕਿਤੇ ਜ਼ਿਆਦਾ ਡਰਾਉਣੀ ਹੈ।

ਜੇ ਅਸੀਂ ਹੁਣ ਵੀ ਨਾ ਸੰਭਲੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਅਮਰੀਕਾ ਵਰਗੇ ਕਥਿਤ ਆਧੁਨਿਕ ਅਤੇ ਵਿਕਸਿਤ ਦੇਸ਼ ਵਾਂਗ ਸਾਡੇ ਬੱਚੇ ਵੀ ਸਕੂਲਾਂ 'ਚ ਫਾਇਰਿੰਗ ਕਰਦੇ ਨਜ਼ਰ ਆਉਣਗੇ।

..............................................

# ਮਾਪਿਆਂ ਦੇ ਦੁੱਖੜੇ

ਸੁਪਿੰਦਰ ਸਿੰਘ ਰਾਣਾ

ਅਜੋਕੇ ਸਮੇਂ ਸਾਂਝੇ ਘਰ ਦੀ ਗੱਲ ਦੂਰ ਦੀ ਕਹਾਣੀ ਬਣ ਗਈ ਹੈ। ਅੱਜ ਦੇ ਬੱਚੇ ਤਾਂ ਘਰ ਦੇ ਸਾਮਾਨ ਨਾਲ ਹੀ ਮਾਪਿਆਂ ਦੀ ਵੰਡ ਵੀ ਕਰ ਲੈਂਦੇ ਹਨ। ਜਿਹੜੇ ਮਾਪੇ ਸਾਰੀ ਉਮਰ ਦੀ ਕਮਾਈ ਅਤੇ ਸੁੱਖ ਚੈਨ ਆਪਣੇ ਬੱਚਿਆਂ ਦੇ ਲੇਖੇ ਲਾ ਦਿੰਦੇ ਹਨ, ਉਹੀ ਬੱਚੇ ਸੁੱਖ ਦੇਣ ਸਮੇਂ ਮਾਪਿਆਂ ਨੂੰ ਜਾਂ ਤਾਂ ਘਰੋਂ ਬਾਹਰ ਕੱਢ ਦਿੰਦੇ ਹਨ ਜਾਂ ਫਿਰ ਵੱਖ-ਵੱਖ ਰਹਿਣ ਲਈ ਮਜਬੂਰ ਕਰ ਦਿੰਦੇ ਹਨ। ਬੁਢਾਪਾ ਘਰਾਂ ਦੀ ਗਿਣਤੀ ਵਧਣ ਦਾ ਕਾਰਨ ਵੀ ਇਹੀ ਹੈ ਕਿ ਬਜ਼ੁਰਗਾਂ ਨੂੰ ਘਰ ਵਿੱਚ ਉਹ ਮਾਹੌਲ ਨਹੀਂ ਮਿਲਦਾ ਜਿਸ ਦੀ ਉਨ੍ਹਾਂ ਨੂੰ ਲੋੜ ਹੁੰਦੀ ਹੈ। ਘਰ ਵਿੱਚ ਬੱਚੇ ਉਨ੍ਹਾਂ ਦੀ ਸੁਣਦੇ ਨਹੀਂ ਜਿਸ ਕਾਰਨ ਉਨ੍ਹਾਂ ਨੂੰ ਸਮਾਂ ਬਿਤਾਉਣ ਲਈ ਇਨ੍ਹਾਂ ਆਸ਼ਰਮਾਂ ਦਾ ਸਹਾਰਾ ਲੈਣਾ ਪੈਂਦਾ ਹੈ। ਇਨ੍ਹਾਂ ਬਿਰਧ ਆਸ਼ਰਮਾਂ ਵਿੱਚ ਵਧੇਰੇ ਉਹ ਬਜ਼ੁਰਗ ਹਨ, ਜਿਨ੍ਹਾਂ ਦੇ ਧੀ-ਪੁੱਤ ਵੱਡੇ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹਨ।

ਪਹਿਲਾਂ ਸਾਂਝੇ ਘਰਾਂ ਵਿੱਚ ਹਰੇਕ ਵਿਆਹੀ ਵਰੀ ਜੋੜੀ ਨੂੰ ਇੱਕ ਕਮਰਾ ਦੇ ਦਿੱਤਾ ਜਾਂਦਾ ਸੀ। ਇਸੇ ਕਮਰੇ ਵਿੱਚ ਹੀ ਉਨ੍ਹਾਂ ਦੇ ਬੱਚੇ ਪੜ੍ਹ ਲਿਖ ਕੇ ਜਵਾਨ ਹੁੰਦੇ ਸਨ ਪਰ ਹੁਣ ਹੋਸਟਲਾਂ ਅਤੇ ਘਰ ਵਿੱਚ ਮਿਲੇ ਆਪੋ-ਆਪਣੇ ਕਮਰੇ ਕਾਰਨ ਹਰ ਬੱਚਾ ਅਤੇ ਮਾਪੇ ਇਕੱਲਾ ਰਹਿਣਾ ਪਸੰਦ ਕਰਦੇ ਹਨ। ਮਾਪੇ ਬੱਚਿਆਂ ਲਈ ਹਰ ਚੀਜ਼ ਵੱਖਰੀ ਲਿਆਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਨ੍ਹਾਂ ਦੇ ਬੱਚੇ ਨੂੰ ਕੋਈ ਚੀਜ਼ ਕਿਸੇ ਦੂਜੇ ਤੋਂ ਮੰਗਣੀ ਨਾ ਪਵੇ। ਬੱਚੇ ਨੂੰ ਬਚਪਨ ਤੋਂ ਹੀ 'ਅਸੀਂ, ਦੀ ਥਾਂ 'ਮੈਂ, ਦੀ ਸਿੱਖਿਆ ਦਿੱਤੀ ਜਾਂਦੀ ਹੈ। ਜਦੋਂ ਸਾਡੀ ਨੀਂਹ ਹੀ ਇਕੱਲੇ ਰਹਿਣ ਦੀ ਬੱਝ ਜਾਵੇ ਤਾਂ ਅਸੀਂ ਵੱਡੇ ਹੋ ਕੇ ਕਿਵੇਂ ਆਪਣੇ ਬੱਚਿਆਂ ਨੂੰ ਇਕੱਠੇ ਰਹਿਣ ਲਈ ਆਖ ਸਕਦੇ ਹਾਂ। ਕਈ ਘਰਾਂ ਵਿੱਚ ਮਾਪੇ ਅਕਸਰ ਆਖ ਦਿੰਦੇ ਹਨ ਕਿ ਭਾਈ ਪਹਿਲਾਂ ਤਾਂ ਅਸੀਂ ਇਕੱਠੇ ਹੀ ਰਹਿੰਦੇ ਸਾਂ ਪਰ ਜਦੋਂ ਦੀ ਸਾਡੀ ਨੂੰਹ ਆਈ ਹੈ ਉਦੋਂ ਤੋਂ ਪਤਾ ਨਹੀਂ ਘਰ ਨੂੰ ਕੀ ਹੋ ਗਿਐ, ਸਾਰੇ ਹੀ ਆਪੋ-ਆਪਣੀ ਡਫਲੀ ਵਜਾਉਂਦੇ ਹਨ। ਅਜੇ ਕੁਝ ਦਿਨਾਂ ਦੀ ਗੱਲ ਹੈ ਕਿ ਰਿਸ਼ਤੇਦਾਰੀ ਵਿੱਚ ਜਿਹੜੇ ਘਰ ਦੀਆਂ ਲੋਕ ਤਾਰੀਫ਼ਾਂ ਕਰਦੇ ਨਹੀਂ ਸੀ ਥੱਕਦੇ, ਅੱਜ ਉਸ ਘਰ ਵਿੱਚ ਜ਼ਮੀਨ-ਜਾਇਦਾਦ ਵੰਡਣ ਲਈ ਪੰਚਾਇਤ ਬੁਲਾਉਣੀ ਪਈ। ਜਿਹੜੇ ਦੋਵੇਂ ਭਰਾ ਇੱਕ-ਦੂਜੇ ਤੋਂ ਬਿਨਾਂ ਰੋਟੀ ਨਹੀਂ ਸਨ ਖਾਂਦੇ, ਅੱਜ ਬਟਵਾਰਾ ਹੋਣ 'ਤੇ ਇੱਕ ਦੂਜੇ ਦੀ ਸ਼ਕਲ ਵੀ ਦੇਖਣਾ ਪਸੰਦ ਨਹੀਂ ਸਨ ਕਰਦੇ। ਹੁਣ ਜਦੋਂ ਵੰਡ ਹੋ ਗਈ ਤਾਂ ਆਖਣ ਲਗੇ ਸਾਡੇ ਭਰਾਵਾਂ ਵਿੱਚ ਤਾਂ ਬਟਵਾਰੇ ਦੀ ਕੋਈ ਗੱਲ ਨਹੀਂ ਪਰ ਸਾਡੀਆਂ ਘਰਵਾਲੀਆਂ ਦੀ ਆਪਸ ਵਿੱਚ ਨਹੀਂ ਬਣਦੀ। ਇਸ ਕਰ ਕੇ ਹੁਣ ਅਸੀਂ ਘਰ ਦਾ ਸਭ ਕੁਝ ਵੰਡ ਲਿਆ ਹੈ। ਸਭ ਕੁਝ ਦੇ ਨਾਲ-ਨਾਲ ਮਾਤਾ ਪਿਤਾ ਵੀ ਵੰਡ ਲਏ ਹਨ। ਵੱਡੇ ਦੇ ਹਿੱਸੇ ਪਿਤਾ ਅਤੇ ਛੋਟੇ ਦੇ ਹਿੱਸੇ ਮਾਂ ਆ ਗਈ। ਹੁਣ ਸ਼ਾਮ ਨੂੰ ਆਰਾਮ ਨਾਲ ਚਾਰ ਰੋਟੀਆਂ ਤਾਂ ਖਾ ਲੈਂਦੇ ਹਾਂ ਨਹੀਂ ਤਾਂ ਹਰ ਰੋਜ਼ ਆਥਣੇ ਘਰ ਵਿੱਚ ਕਲੇਸ਼ ਪਿਆ ਰਹਿੰਦਾ ਸੀ। ਹੁਣ ਪੁੱਤ-ਨੂੰਹ ਮਿਲ ਬੈਠ ਕੇ ਆਪਣੇ ਬਚਿਆਂ ਨਾਲ ਰੋਟੀ ਖਾ ਕੇ ਵਧੀਆ ਨੀਂਦ ਸੌਂ ਜਾਂਦੇ ਹਨ ਪਰ ਬਜ਼ੁਰਗ ਮਾਪੇ ਆਪਣਾ ਪਿਛਲਾ ਸਮਾਂ ਯਾਦ ਕਰ ਕੇ ਝੁਰੀ ਜਾਂਦੇ ਹਨ। ਅਜਿਹੇ ਹਾਲਾਤ ਵਿੱਚ ਬਜ਼ੁਰਗਾਂ ਨੂੰ ਰੋਗ ਹੀ ਲੱਗਣੇ ਨੇ ਤੇ ਅਜਿਹੇ ਰੋਗਾਂ ਦੀ ਦਵਾਈ ਦੱਸੋ ਕਿਹੜੀ? ਲਿਆਈ ਜਾਓ ਦਵਾਈਆਂ ਤੇ ਕੱਢੀ ਜਾਓ ਅੱਖਾਂ। ਇਨ੍ਹਾਂ ਦੀ ਬੀਮਾਰੀ ਤਾਂ ਰਮਜ਼ ਸਮਝਣ ਵਾਲਾ ਹੀ ਜਾਣ ਸਕਦਾ ਹੈ। ਅੱਜ ਭਾਵੇਂ ਬੱਚੇ ਆਪਣੀਆਂ ਘਰਵਾਲੀਆਂ ਅਤੇ ਬੱਚਿਆਂ ਵਿੱਚ ਬੈਠ ਕੇ ਮਾਪਿਆਂ ਦੇ ਦੁੱਖ ਨੂੰ ਨਾ ਸਮਝਦੇ ਹੋਣ ਪਰ ਜਦੋਂ ਉਨ੍ਹਾਂ ਦੇ ਬੱਚੇ ਉਨ੍ਹਾਂ ਨਾਲ ਇਸ ਤਰ੍ਹਾਂ ਕਰਨਗੇ ਉਸ ਸਮੇਂ ਤਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਫੇਰ ਉਨ੍ਹਾਂ ਦਾ ਦੁੱਖ ਸਮਝਣ ਵਾਲਾ ਕੋਈ ਨਹੀਂ ਹੋਵੇਗਾ। ਫੇਰ ਪਛਤਾਉਣ ਨਾਲ ਕੁਝ ਨਹੀਂ ਬਣਨਾ। ਜਿਹੜੇ ਮਾਪਿਆਂ ਨੇ ਸਿਆਣੀ ਉਮਰੇ ਆਪਣਿਆਂ ਪੋਤੇ-ਪੋਤੀਆਂ ਨਾਲ ਮਿਲ ਬੈਠ ਕੇ ਕਹਾਣੀਆਂ ਸੁਣਾਉਣ ਦੇ ਸੁਪਨੇ ਸੰਜੋਏ ਹੁੰਦੇ ਹਨ, ਉਹ ਬੱਚਿਆਂ ਨਾਲ ਤਾਂ ਕੀ, ਦੋਵੇਂ ਜੀਅ ਮਿਲ ਬੈਠ ਕੇ ਦੁਖ-ਸੁਖ ਕਰਨ ਤੋਂ ਵੀ ਵਾਂਝੇ ਹੋ ਜਾਂਦੇ ਹਨ।

ਜੋਤਸ਼ੀਆਂ ਕੋਲ ਬੈਠਾ ਮਨੁੱਖ ਭਵਿੱਖ ਬਾਰੇ ਤਾਂ ਚਿੰਤਾ ਮਹਿਸੂਸ ਕਰਦਾ ਹੈ ਪਰ ਕਦੇ ਬੈਠ ਕੇ ਇਹ ਮਹਿਸੂਸ

ਨਹੀਂ ਕਰਦਾ ਕਿ ਉਸ ਦੇ ਕੀਤੇ ਕਰਮਾਂ ਦਾ ਫਲ ਉਸ ਨੂੰ ਇਸੇ ਜਨਮ ਵਿੱਚ ਹੀ ਰੱਬ ਦੇਈ ਜਾਂਦਾ ਹੈ। ਜੇ ਹੁਣ ਬੀਜਣੀਆਂ ਕਿੱਕਰਾਂ ਨੇ ਤਾਂ ਤੁੱਕੇ ਅਤੇ ਕੰਡੇ ਹੀ ਮਿਲਣੇ ਨੇ ਅੰਬ ਦੀ ਆਸ ਲਾਉਣੀ ਮੂਰਖਤਾ ਵਾਲੀ ਗੱਲ ਹੋਵੇਗੀ। ਮਾਪਿਆਂ ਦਾ ਦੇਣ ਤਾਂ ਔਲਾਦ ਸੌ ਜਨਮਾਂ ਤਕ ਵੀ ਨਹੀਂ ਦੇ ਸਕਦੀ। ਹਰ ਮਾਂ-ਪਿਉ ਆਪਣੇ ਬੱਚਿਆਂ ਲਈ ਵਿਤੋਂ ਬਾਹਰ ਹੋ ਕੇ ਖ਼ੁਸ਼ੀਆਂ ਦੇਣ ਦੀ ਕੋਸ਼ਿਸ਼ ਕਰਦਾ ਹੈ ਤਾਂ ਕਿ ਉਸ ਦੇ ਧੀ-ਪੁੱਤ ਨੂੰ ਜਿਉਂਦੇ ਜੀਅ ਕਿਸੇ ਚੀਜ਼ ਦਾ ਤੋੜਾ ਨਾ ਰਹੇ ਅਤੇ ਬਦਲੇ ਵਿੱਚ ਉਹ ਇਹੀ ਚਾਹੁੰਦਾ ਹੈ ਕਿ ਬੁਢਾਪੇ ਵੇਲੇ ਉਸ ਦੇ ਧੀ-ਪੁੱਤ ਉਸ ਦਾ ਸਹਾਰਾ ਬਣਨ। ਬਜ਼ੁਰਗਾਂ ਲਈ ਬਹੁਤੇ ਬੱਚੇ ਨੌਕਰ ਰੱਖ ਕੇ ਆਪਣੇ ਫ਼ਰਜ਼ ਤੋਂ ਖ਼ੁਦ ਨੂੰ ਸੁਰਖ਼ਰੂ ਹੋ ਜਾਂਦੇ ਹਨ ਅਤੇ ਵਿਹਲਾ ਸਮਾਂ ਆਪਣਿਆਂ ਮਾਪਿਆਂ ਕੋਲ ਬਿਤਾਉਣ ਨਾਲੋਂ ਦੂਰ ਕਲੱਬਾ, ਪਾਰਟੀਆਂ ਜਾਂ ਧਾਰਮਿਕ ਸਥਾਨਾਂ ਜਾਂ ਹੋਰ ਕੰਮਾਂ ਕਾਰਾਂ ਦੇ ਲੇਖੇ ਲਾ ਦਿੰਦੇ ਹਨ। ਉਹ ਇਹ ਨਹੀਂ ਸਮਝਦੇ ਕਿ ਸਭ ਤੋਂ ਵੱਡਾ ਤੀਰਥ ਤਾਂ ਉਨ੍ਹਾਂ ਦੇ ਘਰ ਬੈਠਾ ਹੈ। ਬਜ਼ੁਰਗਾਂ ਨੂੰ ਹੋਰ ਕਿਸੇ ਤਰ੍ਹਾਂ ਦੀ ਭੁੱਖ ਨਹੀਂ ਹੁੰਦੀ ਉਹ ਤਾਂ ਸਿਰਫ਼ ਇਹੀ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਨਾਲ ਦੋ ਘੜੀ ਹੱਸ ਕੇ ਗੱਲਾਂ ਕਰ ਲੈਣ, ਏਨੇ ਨਾਲ ਹੀ ਮਾਪਿਆਂ ਦਾ ਖ਼ੂਨ ਵਧ ਜਾਂਦਾ ਹੈ। ਜਿਸ ਘਰ ਵਿੱਚ ਬਜ਼ੁਰਗਾਂ ਦਾ ਆਦਰ ਮਾਣ ਹੋਵੇ, ਉਸ ਘਰ ਵਿੱਚ ਬਜ਼ੁਰਗਾਂ ਨੂੰ ਦਵਾਈ ਬੂਟੀ ਦੀ ਵੀ ਘੱਟ ਹੀ ਲੋੜ ਪੈਂਦੀ ਹੈ। ਭਾਵੇਂ ਸਾਰੇ ਪੁੱਤ-ਧੀ ਇਹੋ ਜਿਹੇ ਨਹੀਂ ਹੁੰਦੇ ਪਰ ਅੱਜ-ਕਲ੍ਹ ਜੋ ਦੇਖੀਦਾ ਸੁਣੀਂਦਾ ਹੈ, ਉੱਥੇ ਸਰਵਣ ਪੁੱਤ ਘਟ ਹੀ ਨਜ਼ਰ ਆਉਂਦੇ ਹਨ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਜੇ ਰਾਹ ਭੁਲਿਆ ਬੰਦਾ ਸ਼ਾਮ ਨੂੰ ਘਰ ਮੁੜ ਆਵੇ ਤਾਂ ਉਸ ਨੂੰ ਭੁਲਿਆ ਨਹੀਂ ਆਖਿਆ ਜਾਂਦਾ। ਇਸ ਲਈ ਸਾਨੂੰ ਅੱਜ ਤੋਂ ਹੀ ਮਾਪਿਆਂ ਦੀ ਸੇਵਾ ਸੰਭਾਲ ਵਿੱਚ ਲੱਗ ਜਾਣਾ ਚਾਹੀਦਾ ਹੈ। ਬਜ਼ੁਰਗਾਂ ਦੀਆਂ ਅਸੀਸਾਂ ਲੈ ਕੇ ਤਾਂ ਦੇਖੋ ਤੁਹਾਨੂੰ ਪਰਮਾਤਮਾ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਦੇਵੇਗਾ।

**ਸੰਪਰਕ- 98152-33232**

# ਸਤਿਕਾਰ/ ਸਸਕਾਰ (ਗੱਲ ਹਾਸੇ ਦੀ)

**- ਨਰਿੰਦਰ ਕੌਰ ਮਠਾੜੂ**

ਬਚਪਨ ਵਿੱਚ ਬੇਸ਼ਕ 5 ਭੈਣਾਂ ਭਰਾਵਾਂ 'ਚ ਸਭ ਤੋਂ ਛੋਟੀ ਸਾਂ, ਕਹਿੰਦੇ ਨੇ ਕਿ ਕੁੜੀਆਂ ਨੂੰ ਕੋਈ ਨੀ ਜੰਮਦਾ, ਇਹ ਤਾਂ ਮੁੰਡਾ ਹੋਣ ਦੀ ਚਾਹ 'ਚ ਵਿਚਾਲੇ ਜਹੇ ਆ ਜਾਂਦੀਆਂ ਨੇ, ਮੈਂ ਉਹਨਾਂ ਕੁੜੀਆਂ ਚੋਂ ਹੀ ਸਾਂ, ਤੇ ਬਸ ਏਹੀ ਗੱਲ ਕਾਫੀ ਹੁੰਦੀ ਹੈ, ਇਹੋ ਜਹੇ ਬੱਚੇ ਦੇ ਸਭਨਾਂ ਦੇ ਪਿਆਰੇ ਹੋਣ ਲਈ; ਕਿਉਂਕਿ ਕੁਦਰਤੀ ਉਹ ਗੱਲਾਂ ਜਾਂ ਹਰਕਤਾਂ ਹੀ ਏਹੋ ਜਿਹੀਆਂ ਕਰਦੇ ਨੇ ਭੋਲੇਪਨ ਵਿੱਚ ਕਿ ਸਾਰੇ ਨਾ ਚਾਹੁੰਦੇ ਹੋਏ ਵੀ ਉਸ ਵੱਲ ਖਿਚੇ ਜਾਂਦੇ ਨੇ। ਵੀਰ ਦੇ ਬਰਾਬਰ ਜਦ ਕੋਈ ਚੀਜ਼ ਨਹੀਂ ਮਿਲਦੀ ਸੀ, ਅੜ ਕੇ ਖੜ ਜਾਣਾ, ਮੈਂ ਨੀ ਹਿੱਲਦੀ ਏਥੋਂ, ਦੂਜੀ ਬਾਂਹ ਤੇ ਮੈਨੂੰ ਚੱਕੋ। ਭੋਲੀਆਂ ਗੱਲਾਂ, ਗੋਲ ਮੋਲ ਜਿਹੀ ਭੁੱਚਰ, ਜਿਸਨੂੰ ਫਰਾਕ ਪਾ ਕੇ ਘੁੱਮਣਾ ਪਸੰਦ ਸੀ, ਘਰ-ਘਰ ਖੇਲਣਾ, ਊਚ-ਨੀਚ, ਛੂ-ਛਲੀਕਾ, ਪੁੱਗਣਾ, ਰੇਤੇ ਵਿਚ ਖੇਲਣਾ, ਬੱਚਿਆਂ ਨਾਲ ਖੇਡਦਿਆਂ ਜੂਆਂ ਪਵਾ ਲਿਆਉਣੀਆਂ, ਮੰਮੀ ਨੇ ਨਾਲੇ ਗੁੱਸਾ ਕਰਨਾ, ਨਾਲੇ ਜੂਆਂ ਕੱਢਣੀਆਂ ਤੇ ਕਹਿਣਾ, ਜਿੰਨਾ ਤੋਂ ਪਵਾਈਆਂ ਨੇ, ਉਹਨਾਂ ਵਾਂਗੂ ਤੇਰੇ ਵੀ ਸਿਰ ਵਿੱਚ ਮੋਰੀਆਂ ਹੋ ਜਾਣਗੀਆਂ, ਨਾ ਖੇਡਿਆ ਕਰ ਉਹਨਾਂ ਨਾਲ ਪਰ ਮੈਂ ਕਿਥੇ ਮੰਨਦੀ। ਆਂਢੀ-ਗੁਆਂਢੀ ਕਹਿੰਦੇ ਭੁੱਚਰ ਬੋਲ ਕੇ ਦਿਖਾਈ! ਓਹੀ...।

ਫੇਰ ਹੋ ਜਾਂਦੀ ਮੈਂ ਸ਼ੁਰੂ, ਥੋੜ੍ਹਾ ਘੋਟ ਕੇ ਬੋਲਦੀ ਸਾਂ, "ਜਿਹੜੇ ਜਿਆਦਾ ਭਜਨ ਕਰਦੇ ਆ ਉਹਨਾਂ ਦੀ ਦਾੜ੍ਹੀ ਲੰਬੀ ਹੁੰਦੀ ਆ।" ਠਹਾਕਾ ਮਾਰ ਕੇ ਹੱਸਦੇ ਸਨ ਸਾਰੇ, ਫੇਰ ਕਹਿਣਾ ਅੱਛਾ ਚੱਲ ਉਹ ਵੀ ਬੋਲ, "ਛੋਟਿਆਂ ਨਾਲ ਪਿਆਰ ਕਰੋ......! ਅੱਗੇ ਕੀ? ਤੇ ਮੈਂ ਕੁਝ ਇਸ ਤਰ੍ਹਾਂ ਬੋਲਦੀ ਸੀ, "ਛੋਟਿਆਂ ਨਾਲ ਪਿਆਰ ਕਰੋ, ਵੱਡਿਆਂ ਦਾ ਸਸਕਾਰ ਕਰੋ।" ਇਹ ਸੁਣ ਕੇ ਸਾਰੇ ਹੋਰ ਉੱਚੀ ਹੱਸਦੇ, ਮੈਂ ਨੀ ਕਿਉਂਕਿ ਮੈਨੂੰ ਪਤਾ ਹੀ ਨੀ ਸੀ, ਇਹ ਗ਼ਲਤ ਬੋਲ ਰਹੀ ਆਂ ਕਿ ਸਹੀ। ਜਦ ਮੰਮੀ ਜੀ ਨੂੰ ਪਤਾ ਚੱਲਿਆ ਤਾਂ ਮੈਨੂੰ ਝਿੜਕਿਆ, ਏਦਾਂ ਨੀ ਕਹੀਦਾ ਹੁੰਦਾ, ਸਸਕਾਰ ਨੀ ਸਤਿਕਾਰ ਹੁੰਦੈ, ਤੇ

ਫੇਰ ਥੋੜੇ ਵੱਡੇ ਹੋਏ ਤਾਂ ਮਤਲਬ ਪਤਾ ਲਗਿਆ ਤਾਂ ਹੁਣ ਤੱਕ ਆਪਣੇ ਬੱਚਿਆਂ ਤੇ ਪਰਿਵਾਰ ਨਾਲ ਬਚਪਨ ਦੀਆਂ ਇਹ ਗੱਲਾਂ ਯਾਦ ਕਰਕੇ ਹੱਸ ਲਈਦੈ।

# ਦਸਮ ਗੁਰਬਾਣੀ ਦੀ ਪ੍ਰਮਾਣਿਕਤਾ ਬਾਰੇ ਵਿਦਵਾਨਾਂ ਦੇ ਵਖਿਆਨ

**-ਹਰਪਾਲ ਸਿੰਘ ਸੇਵਕ**

ਨਾਮਧਾਰੀ ਸਿੱਖ ਪੰਥ ਵਿੱਚ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ ਗ੍ਰੰਥ ਸਾਹਿਬ ਨੂੰ ਬਰਾਬਰ ਸਤਿਕਾਰ ਦਿੱਤਾ ਜਾਂਦਾ ਹੈ। ਕੀਰਤਨ ਵਿੱਚ ਵੀ ਆਦਿ ਅਤੇ ਦਸਮ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਦੇ ਸ਼ਬਦ ਗਾਇਨ ਕੀਤੇ ਜਾਂਦੇ ਹਨ। ਸਮੁੱਚੇ ਸਿੱਖ ਸਮਾਜ ਦੀਆਂ ਕਈ ਸੰਪਰਦਾਵਾਂ ਜਿਵੇਂ ਉਦਾਸੀ, ਨਿਰਮਲੇ, ਨਿਹੰਗ, ਦਮਦਮੀ ਟਕਸਾਲ ਅਤੇ ਸੰਤ ਸਮਾਜ ਆਦਿ ਸਾਰੇ ਦਸਮ ਗੁਰਬਾਣੀ ਨੂੰ ਵੀ ਮਾਨਤਾ ਦਿੰਦੇ ਹਨ। ਪਰ ਕੁਝ ਕੁ ਆਧੁਨਿਕ ਅਖੌਤੀ ਵਿਦਵਾਨ ਜਿੱਥੇ ਸਿੱਖ ਪੰਥ ਦੀ ਰਹਿਤ ਮਰਿਆਦਾ, ਮਾਨਤਾਵਾਂ ਅਤੇ ਕਈ ਇਤਿਹਾਸਿਕ ਘਟਨਾਵਾਂ ਜਾਂ ਸਾਖੀਆਂ ਤੇ ਕਿੰਤੂ-ਪ੍ਰੰਤੂ ਕਰਦੇ ਹਨ। ਉੱਥੇ ਸ੍ਰੀ ਦਸਮ ਪਾਤਸ਼ਾਹ ਰਚਿਤ ਦਸਮ ਗੁਰਬਾਣੀ ਤੇ ਵੀ ਸ਼ੰਕਾ ਜ਼ਾਹਰ ਕਰਦੇ ਹਨ। ਇਸ ਵਾਸਤੇ ਸ੍ਰੀ ਸਤਿਗੁਰੂ ਉਦੇ ਸਿੰਘ ਦੇ ਹੁਕਮ ਅਨੁਸਾਰ ਸਿੱਖ ਪੰਥ ਦੇ ਵੱਡੇ ਗੁਣੀ ਗਿਆਨੀ ਸੱਜਣਾਂ ਦੇ ਦਸਮ ਗੁਰਬਾਣੀ ਦੀ ਪ੍ਰਮਾਣਿਕਤਾ ਬਾਰੇ ਉਚੇਚੇ (Online) ਲੈਕਚਰ ਕਰਵਾਏ।

13 ਅੱਸੂ (28 ਸਿਤੰਬਰ) ਦੁਪਹਿਰ ਦੇ ਸਮਾਗਮ ਵਿੱਚ ਕਰੀਬ ਇੱਕ ਘੰਟੇ ਲਈ ਗਿਆਨੀ ਗੁਰਿੰਦਰ ਸਿੰਘ ਜੀ ਨੇ ਵਿਦਵਤਾ ਭਰਪੂਰ ਵਖਿਆਨ ਕੀਤਾ। ਗਿਆਨੀ ਜੀ (ਤਰਨਾ ਦਲ) ਨੰਗਲੀ ਵਾਲੇ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ ਅਤੇ ਫ਼ਾਰਸੀ ਦੇ ਗੁੜੇ ਹੋਏ ਵਿਦਵਾਨ ਹਨ ਅਤੇ ਸੈਂਕੜੇ ਬੱਚਿਆਂ ਨੂੰ ਆਦਿ ਅਤੇ ਦਸਮ ਗੁਰਬਾਣੀ ਦੀ ਸੰਥਾ ਦੇ ਚੁੱਕੇ ਹਨ। ਆਪ ਨੇ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ ਗ੍ਰੰਥ ਸਾਹਿਬ 'ਚੋਂ ਗੁਰਬਾਣੀ ਦੀ ਸਮਾਨਤਾ ਦੇ ਪ੍ਰਮਾਣ ਦੇ ਕੇ ਸਿੱਧ ਕੀਤਾ ਕਿ ਦੋਹਾਂ ਗ੍ਰੰਥਾਂ ਦਾ ਕੇਂਦਰੀ ਸਿਧਾਂਤ ਇੱਕੋ ਹੈ। ਆਪ ਨੇ ਕਿਹਾ ਕਿ ਜੋ ਪੂਰਾ ਗੁਰੂ ਉਚਾਰਦਾ ਹੈ 'ਗੁਰ ਬਾਣੀ ਕਹੈ' ਉਸ ਨੂੰ ਸੇਵਕ-ਸਿੱਖ ਮੰਨਦੇ ਹਨ 'ਸੇਵਕ ਜਨ ਮਾਨੈ' ਫੇਰ ਜੋ ਦਸਮ ਪਾਤਸ਼ਾਹ ਦੀ ਗੁਰਬਾਣੀ ਨੂੰ ਨਹੀਂ ਮੰਨਦੇ ਉਹ ਦਸਮ ਪਾਤਸ਼ਾਹ ਨੂੰ ਕਿਵੇਂ ਮੰਨਦੇ ਹੋਏ।

14 ਅੱਸੂ (29 ਸਤੰਬਰ)- ਦੁਪਹਿਰ ਦੇ ਸਮਾਗਮ ਵਿੱਚ ਨਿਰਮਲੇ ਮਹਾਤਮਾਂ ਸੁਆਮੀ ਦਰਸ਼ਨ ਸਿੰਘ ਸ਼ਾਸਤਰੀ ਜੀ ਨੇ ਦਸਮ ਗੁਰਬਾਣੀ ਅਤੇ ਆਦਿ ਗੁਰਬਾਣੀ ਵਿੱਚ ਅਦਵੈਤ ਮੱਤ ਦੀ ਸਮਾਨਤਾ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਜਿਨ੍ਹਾਂ ਕਥਾਵਾਂ ਦਾ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਸੰਕੇਤਕ ਜ਼ਿਕਰ ਹੈ। ਉਸ ਦੀ ਪੂਰੀ ਕਥਾ ਦਸਮ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਪੜ੍ਹ ਸਕਦੇ ਹਾਂ। ਜੇ ਆਦਿ ਗੁਰਬਾਣੀ ਦੇ ਆਰੰਭ ਵਿੱਚ 'ਜਪੁ' ਬਾਣੀ ਹੈ ਅਤੇ ਅਰੰਭ ਪਰਮੇਸ਼ਰ ਦੇ ਨਿਰਾਕਾਰ ਸਰੂਪ ਦੀ ਉਸਤਤ ਕਰਨ ਨਾਲ ਹੁੰਦਾ ਹੈ, ਇਸੇ ਤਰ੍ਹਾਂ ਦਸਮ ਗੁਰਬਾਣੀ ਦਾ ਅਰੰਭ 'ਜਾਪੁ' ਬਾਣੀ ਨਾਲ ਹੈ ਅਤੇ ਇੱਥੇ ਵੀ ਨਿਰਗੁਣ ਅਤੇ ਨਿਰਾਕਾਰ ਅਕਾਲ ਦੀ ਉਸਤਤ ਹੈ। 30 ਸਤੰਬਰ 4 ਅਤੇ 5 ਅਕਤੂਬਰ ਨੂੰ ਦਸਮ ਗੁਰਬਾਣੀ ਦੀ ਪ੍ਰਮਾਣਿਕਤਾ ਬਾਰੇ ਡਾਕਟਰ ਅਨੁਰਾਗ ਸਿੰਘ ਜੀ ਨੇ ਦੋ ਕਿਸ਼ਤਾਂ ਵਿੱਚ ਵਿਸਤ੍ਰਿਤ ਵਿਖਿਆਨ ਕੀਤਾ। ਡਾਕਟਰ ਅਨੁਰਾਗ ਸਿੰਘ ਜੀ ਨੇ ਗੁਰਬਾਣੀ ਗੁਰ-ਇਤਿਹਾਸ ਦੀ ਖੋਜ ਦੀ ਗੁੜਤੀ ਆਪਣੇ ਪਿਤਾ ਡਾਕਟਰ ਤ੍ਰਿਲੋਚਨ ਸਿੰਘ ਜੀ ਤੋਂ ਮਿਲੀ। ਡਾ. ਤ੍ਰਿਲੋਚਨ ਸਿੰਘ ਜੀ ਸਿੱਖ ਪੰਥ ਦੇ ਮਹਾਨ ਖੋਜੀ ਅਤੇ ਵਿਦਵਾਨ ਸਨ। ਡਾ. ਅਨੁਰਾਗ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਅਤੇ ਉਸ ਤੋਂ ਬਾਅਦ 18 ਵੀਂ ਅਤੇ 19 ਵੀਂ ਸਦੀ ਦੇ ਮਹਾਨ ਸਿੱਖ ਵਿਦਵਾਨਾ ਦੇ ਰਚੇ ਗਏ ਸ੍ਰੋਤ ਗ੍ਰੰਥਾਂ ਦੇ ਹਵਾਲੇ ਦੇ ਕੇ ਦੱਸਿਆ ਕਿ ਇਹ ਸਾਰੇ ਵਿਦਵਾਨ ਦਸਮ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਰੀ ਮੁਖਵਾਕ ਮੰਨਦੇ ਹਨ। ਕਰੀਬ 19 ਵੀਂ ਸਦੀ ਤੱਕ ਪੂਰੇ ਸਿੱਖ ਸਮਾਜ ਵਿੱਚ ਦਸਮ ਗੁਰਬਾਣੀ ਦਾ ਮਾਣ ਸਤਿਕਾਰ ਆਦਿ ਗੁਰਬਾਣੀ ਵਾਂਗ ਹੀ ਸੀ। ਪਹਿਲੋਂ ਸਾਰੇ ਤਖਤਾਂ ਤੇ ਵੀ ਦੋਹਾਂ ਗ੍ਰੰਥਾਂ ਦਾ ਪ੍ਰਕਾਸ਼ ਹੁੰਦਾ ਸੀ। ਅਜੇ ਵੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਵਿਖੇ ਦਸਮ ਗੁਰੂ ਗ੍ਰੰਥ ਸਾਹਿਬ ਦਾ ਵੀ ਪ੍ਰਕਾਸ਼ ਹੁੰਦਾ ਹੈ। ਆਪ ਨੇ ਕਿਹਾ ਕਿ ਆਦਿ ਗੁਰੂ ਗ੍ਰੰਥ ਸਾਹਿਬ ਆਦਿ ਗੁਰੂਆਂ ਦਾ ਗ੍ਰੰਥ ਹੈ ਅਤੇ ਦਸਮ ਗੁਰੂ ਗ੍ਰੰਥ ਸਾਹਿਬ ਭਾਵ ਦਸਵੇਂ ਪਾਤਸ਼ਾਹ ਦਾ ਗ੍ਰੰਥ ਹੈ। ਇਹ ਗੱਲ ਵਰਣਨ ਯੋਗ ਹੈ ਕਿ ਜੇ ਅਸੀਂ ਦਸਮ ਗੁਰਬਾਣੀ ਦੀ ਬੀੜ ਬਾਰੇ ਸ਼ਬਦ ਕੇਵਲ 'ਦਸਮ ਗ੍ਰੰਥ' ਵਰਤਦੇ ਹਾਂ ਤਾਂ ਇਸ ਦਾ ਭਾਵ ਹੋਵੇਗਾ- 'ਦਸਮ' ਭਾਵ ਦਸਵਾਂ ਗ੍ਰੰਥ। ਇਸ ਲਈ ਦਸਮ ਗੁਰੂ ਗ੍ਰੰਥ ਸਾਹਿਬ ਦਾ ਭਾਵ ਦਸਵੇਂ ਪਾਤਸ਼ਾਹ ਦਾ ਗ੍ਰੰਥ ਹੈ।

5 ਅਕਤੂਬਰ ਨੂੰ ਡਾ. ਅਨੁਰਾਗ ਸਿੰਘ ਜੀ ਤੋਂ ਬਾਅਦ ਗਿਆਨੀ ਹਰਦੀਪ ਸਿੰਘ ਜੀ (ਹਜ਼ੂਰੀ ਟਕਸਾਲ) ਨੇ ਸ੍ਰੀ ਨੰਦੇੜ ਸਾਹਿਬ ਤੋਂ ਵਿਖਿਆਣ ਕੀਤਾ। ਗਿਆਨੀ ਜੀ ਵਡੇਰੀ ਉਮਰ ਦੇ ਹਨ ਅਤੇ ਸਿੱਖ ਪੰਥ ਦੇ ਗੁਰਬਾਣੀ ਗਿਆਨ ਦੇ ਅਨੇਕਾਂ ਵਿਦਵਾਨ ਆਪ ਦੇ ਸ਼ਾਗਿਰਦ ਹਨ। ਗਿਆਨੀ ਜੀ ਦਾ ਗੁਰਬਾਣੀ ਦਾ ਵਸੀਹ ਗਿਆਨ ਅਤੇ ਇੱਕ ਘੰਟੇ ਦਾ ਸੀਮਤ ਸਮਾਂ, ਪਰ ਫਿਰ ਵੀ ਆਪ ਨੇ ਦਸਮ ਗੁਰੂ ਗ੍ਰੰਥ ਸਾਹਿਬ ਦੀਆਂ ਵੱਖੋ-ਵੱਖ ਬਾਣੀਆਂ ਤੇ ਪੰਛੀ ਝਾਤ ਪਾਈ। ਉਪਰੋਕਤ ਵਿਦਵਾਨਾਂ ਦੇ ਵਿਧਵਤਾ ਭਰਪੂਰ ਵਿਖਿਆਨ ਇੱਕ-ਇੱਕ ਕਰਕੇ ਅਗਲੇ ਪਰਚਿਆਂ ਵਿੱਚ ਪ੍ਰਕਾਸ਼ਿਤ ਕੀਤੇ ਜਾਣਗੇ। ਇਹ ਵਖਿਆਨ '*Sri bhaini sahib live estreem you-tube* ਤੇ ਸੁਣੇ ਜਾ ਸਕਦੇ ਹਨ।

# KARMA

- Rohail Singh

Karma is defined as 'work and action' in Sanskrit. It includes all the actions that we perform, not only by the body, but also by our mind and speech. It is the intention that influences the effect.

Srimad Bhagavad Gita quotes to follow your dharma and karma, irrespective of the result. During Mahabharat, Arjun was dismayed at how could he attack his own blood relation. It was then, that Lord Krishna guided him through discourse on his Dharma. His dharma dictated that he fight the war for righteousness, against injustice, even if it is against his relatives. Arjun followed this Karma and even today he is revered for it.

Bhagavad Gita. Chapter 18 Verse 23 says that

नियतं सङ्गरहितमरागद्वेषत: कृतम् |
अफलप्रेप्सुना कर्म यतत्सात्त्विकमुच्यते || 23||

niyataṁ saṅga-rahitam arāga-dveṣhataḥ kṛitam
aphala-prepsunā karma yat tat sāttvikam uchyate

niyatam—regulative; sanga-rahitam—without attachment; araga-dvesatah—without love or hatred; krtam—done; aphala-prepsuna—without fruitive result; karma—acts; yat—that which; tat—that; sattvikam—in the mode of goodness; ucyate—is called.

**TRANSLATION:**

That action which is regulated and which is performed without attachment, without love or hatred, and without desire for fruitive results is said to be in the mode of goodness.
Do karma and don't worry about fruit.

However, all of our actions are the outcome of the knowledge we have accumulated from the world. This knowledge lies in our thinking, emotions, memory and in opinion. Any act that comes out of our thinking is bound to be adulterated with these aspects. Our knowledge is compounded from experiences- ours and that of others. There is no action that can be really free of these vices.

Right action is right not because it is done out of generosity. It is right when it is regulated from that state of consciousness which does not required thinking to do the action, it is very much spontaneous.

Thoughts are transient, constantly fluctuating.

What was right for yesterday seems wrong today. As we subconsciously are aware that we cannot depend on our thinking, we seek advice from friends, scholars, doctors and guidance from religious books. Yet we left unsatisfied. So what is the real way? What can we do?

'Spontaneous action is the real Karma'
~ U. G. Krishnamurti

"Actions which is not based on concept, ideas, values, belief, experience, and knowledge is a right action"
~ J.krishnamurti

" He doesn't think about his actions;
they flow from the vore of his being."
~ Lao-Tzu

"There is no longer this accumulated hotchpotch of so-called knowledge. It's spontaneous, natural, not sophisticated at all, it's very, very simple."
~ Mother (Mirra Alfassa)

Regarding that state of consciousness, Sri Aurobindo says in this way that "there is nothing which cannot be better in the quietness and mindless peace of mind."

The solution lies in spontaneous, immediate action without planning. Any action that occurs immediately before the process of thinking begins, is a real action.

We cannot plan karma, we can know after its completion. We cannot perform karma because the moment, we think about doing it then that's not karma any more. Karma is free of desire, choice and plan.

So in order to do the right action, we have to be the one through whom the right karma happens and for this we have to surrender ourselves to our Guru (Spritual Master)
So that He may guide us to do our karma unconsciously. Guru works beyond our thinking in mysterious ways. He keeps watch over us, works on us from our body to soul.

For illustration if we donate millions of rupees to the temple for its beautification thinking its a good deed- that is not good karma. As we have thought in great detail about what we will do and and how it will effect everyone. But if the same action occurred spontaneously then it comes in the mode of goodness.

If we say yes to help the needy spontaneously without planning, it is a karma. When our Guru orders us and immediately we say yes without any thought, then this is karma done by us.

- Rohail Singh

# ਗੁਰਮਤਿ ਵਿਚ ਬਿਬੇਕ ਦਾ ਸੰਕਲਪ ਅਤੇ ਬਿਬੇਕੀ ਰਹਿਤ

**-ਹਰਪਾਲ ਸਿੰਘ ਸੇਵਕ**

**(ਪਿਛਲੇ ਅੰਕ ਤੋਂ ਅੱਗੇ)**

ਸਤਿਗੁਰੂ ਰਾਮ ਸਿੰਘ ਜੀ ਨੇ ਜਲਾਵਤਨੀ ਦੌਰਾਨ ਰੰਗੂਨ ਤੋਂ ਲਿਖੇ ਹੁਕਮਨਾਮੇ ਵਿਚ ਲਿਖਿਆ- 'ਜਲ ਪ੍ਰਸਾਦਿ ਸੁੱਚ ਸੋਧ ਦਾ ਬਰਤਨਾ, ਏਹਿ ਭੀ ਸਭ ਕੋ ਹੁਕਮ ਸੁਣਾਇ ਦੇਣਾ, ਜੂਠਾ ਨਾ ਕੋਈ ਕਿਸੇ ਨੂੰ ਦੇਵੇ, ਨਾ ਕੋਈ ਜੂਠਾ ਲੇਵੈ। ਸੀਤ ਪ੍ਰਸਾਦਿ ਤਾ ਬਚਨ ਮੰਨਣਾ ਹੈ। ਗੁਰੂ ਜੀ ਨੇ ਏਹੁ ਸੀਤ ਪ੍ਰਸਾਦਿ ਕਹਾ ਹੈ।'

ਜੂਠ ਨਾਲ ਝੂਠ ਦਾ ਸੰਗ ਹੈ ਜੋ ਅਬਿਬੇਕ ਹੈ ਅਤੇ ਸੱਚ ਤੇ ਸੁੱਚ ਬਿਬੇਕੀ ਗੁਣ ਹਨ।

ਬੀਬੀਆਂ ਵਾਸਤੇ ਵੀ ਵਿਸ਼ੇਸ਼ ਰਹਿਤ ਹੈ। ਗੁੱਤ ਨਹੀਂ ਕਰਨੀ ਜੂੜਾ ਕਰਨਾ, ਗੁਰਮੁਖੀ ਬਾਣਾ ਪਹਿਨਣਾ, ਅੰਮ੍ਰਿਤ ਛਕਣਾ, ਪੰਜ ਕਕਾਰ ਦੇ ਧਾਰਣੀ ਹੋਣਾ ਆਦਿ ਮਰਿਯਾਦਾ ਬਾਬਾ ਕਾਲਾ ਸਿੰਘ ਲਿਖਤ 'ਪੰਥ ਪ੍ਰਕਾਸ਼ ਨਾਮਧਾਰੀ ਸਿੰਘਾਂ' ਵਿਚ ਦਰਜ਼ ਹੈ-

ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦੇਂਦੇ
ਬੁੱਢੀ ਬਾਲੀ ਨੂੰ ਕਹਿਣ ਪੁਕਾਰ ਬੀਬੀ।
ਨਾਮ ਦਾਨ ਇਸ਼ਾਨਨ ਸਣ ਕੇਸ ਕਰਨਾ,
ਖੋਲ ਗੁੱਤ ਜੂੜਾ ਸਿਰ ਧਾਰ ਬੀਬੀ।
ਡੋਰੀ ਖੰਮਣੀ ਸੁੱਟ ਪਰਾਂਦੀਆਂ ਨੂੰ
ਰੱਖੀਂ ਪਾਸ ਤੂੰ ਪੰਜ ਕਕਾਰ ਬੀਬੀ।
ਨੱਥ, ਚੋਕ ਤੇ ਵਾਲੀਆਂ ਡੰਡੀਆਂ ਜੋ
ਤੀਲੀ, ਲੌਂਗ ਤੂੰ ਦੇਵੀਂ ਉਤਾਰ ਬੀਬੀ।
ਸੋਨਾ ਕੂੜ ਰੁਪਾ ਗੁਰਾਂ ਹੁਕਮ ਦਿਤਾ
ਕੂੜ ਸਮਝ ਲੈਣਾ ਪਹਿਨਣਹਾਰ ਬੀਬੀ।
ਬਰਦੀ ਸਵੇਤ ਸੁੱਥਣ ਕੁੜਤੀ ਪਹਿਰ ਚਿੱਟੀ
ਨੀਲਾ ਰੰਗ ਸਭੇ ਦੂਰ ਡਾਰ ਬੀਬੀ।
ਸੂਹਾ ਰੰਗ ਕਾਲਾ ਹਰਾ ਹੋਰ ਜਿੰਨਾ
ਦੇਣਾ ਸਰਬ ਨੂੰ ਮਨੋ ਵਿਸਾਰ ਬੀਬੀ।
ਦੇਸੀ ਕਾਟ ਸਿੱਧੀ ਸਾਦੀ ਪਹਿਰ ਲੈਣੀ
ਬਾਣਾ ਗੁਰਮੁਖੀ ਜੋ ਚੂੜੀਦਾਰ ਬੀਬੀ।
ਰੋਣਾ ਪਿੱਟਣਾ ਸਿਆਪਾ ਨਾ ਕਰੀਂ ਜਾ ਕੇ
ਮਰੇ ਸਾਕ ਸਨਬੰਧ ਵਿਚਾਰ ਬੀਬੀ।
ਲੋਰੀ ਦੇਣੀ ਹੈ ਦੇਸ ਅਜ਼ਾਦ ਕਰਨਾ
ਕਰਨਾ ਦੇਸ਼ ਨੂੰ ਸਦਾ ਪਿਆਰ ਬੀਬੀ।
ਕਾਲਾ ਸਿੰਘ ਮੈਂ ਵੇਖਿਆ ਹੁਕਮਨਾਮਾ
ਤਾਂ ਹੀ ਲਿਖਿਆ ਕਲਮ ਪਸਾਰ ਬੀਬੀ।

ਭਾਈ ਦਇਆ ਸਿੰਘ ਜੀ ਦੇ ਲਿਖੇ ਰਹਿਤਨਾਮੇਂ ਵਿਚ ਵੀ ਏਸੇ ਤਰ੍ਹਾਂ ਦੀ ਮਰਿਯਾਦਾ ਦਾ ਉਲੇਖ ਹੈ-

'ਬੀਧੇ ਕਾਨ ਨਾ ਨਾਕ ਕੋ ਸਤਿਗੁਰ ਕੀ ਮ੍ਰਿਜਾਦ॥'
'ਗੁਰੂ ਕੀ ਸਿੱਖਣੀ ਮੈਲੀ ਹੋਇਕੈ ਨਾ ਪ੍ਰਸਾਦਿ ਪਕਾਇ,
ਨਾ ਖਵਾਇ।'

ਰਹਿਤਨਾਮਾ-੧੧੯

'ਗੁਰੂ ਕੀ ਸਿੱਖਣੀ ਸੁਚੇਤ ਰਹੈ ਸਰੀਰ ਦੀ ਕਿਰਿਆ ਪਵਿਤ੍ਰ ਰਖੇ।'
ਸੌਚ ਜਲ ਮ੍ਰਿਤਕਾ (ਮਿੱਟੀ ਨਾਲ) ਕਰਕੇ ਚੌਂਕੇ ਵਿਚ ਜਾਇ॥
ਉਪਰੋਕਤ ਰਹਿਤਨਾਮੇ 'ਚ ਆਏ ਵਾਕਾਂ ਅਨੁਸਾਰ-

ਜਿਨਾਂ ਦਿਨਾਂ ਵਿਚ ਬੀਬੀਆਂ ਅਪਵਿੱਤਰ ਹੁੰਦੀਆਂ ਹਨ। ਉਨ੍ਹਾਂ ਦਿਨਾਂ ਵਿਚ ਲੰਗਰ ਵਿਚ ਨਾ ਲੱਗਣ ਦੀ ਮਰਯਾਦਾ ਵੀ ਨਾਮਧਾਰੀ ਸਿੱਖਾਂ ਵਿਚ ਪ੍ਰਚਲਤ ਹੈ। ਜੋ ਆਸਾ ਦੀ ਵਾਰ ਵਿਚ ਵੀ ਗੁਰਵਾਕ ਹੈ- 'ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ।' ਇਸ ਅਵਸਥਾ ਨੂੰ ਸਿਰਨਾਵਣੀ ਇਸ ਲਈ ਲਿਖਿਆ ਹੈ ਕਿ ਪਹਿਲੋਂ ਆਮ ਘਰਾਂ ਵਿਚ ਵੀ ਇਸ ਅਵਸਥਾ ਤੋਂ ਬਾਅਦ ਸਣੇਕੇਸੀ ਇਸ਼ਨਾਨ ਕਰਕੇ, ਪਵਿਤ੍ਰ ਹੋ ਕੇ ਲੰਗਰ ਵਿਚ ਲੱਗਣ ਦੀ ਪਰੰਪਰਾ ਸੀ। ਨਾਮਧਾਰੀ ਸਿੱਖਾਂ ਵਿਚ ਮਾਈਆਂ ਬੀਬੀਆਂ ਨੂੰ ਸੀਸ ਤੇ ਪੱਗ ਬੰਨਣ ਦਾ ਹੁਕਮ ਨਹੀਂ। ਸਿੰਘ ਦਸਤਾਰ ਸਜਾਉਣ ਅਤੇ ਬੀਬੀਆਂ ਦੁੱਪਟਾ ਧਾਰਨ ਕਰਨ। ਸਾਡੇ ਇਤਿਹਾਸ ਵਿਚ ਕੁਝ ਬੀਬੀਆਂ ਦਾ ਜਿਕਰ ਹੈ ਜੋ ਦਸਤਾਰ ਸਜਾਉਂਦੀਆਂ ਸਨ ਪਰ ਕੇਵਲ ਉਹ ਬੀਬੀਆਂ ਜਿਨ੍ਹਾਂ ਗ੍ਰਿਹਸਤ ਜੀਵਨ ਵਿਚ ਪ੍ਰਵੇਸ਼ ਨਹੀਂ ਸੀ ਕੀਤਾ। ਉਹ ਜਥੇਦਾਰਨੀਆਂ ਜਾਂ ਸੂਬਾ ਬੀਬੀਆਂ ਦਸਤਾਰ ਸਜਾਉਂਦੀਆਂ ਅਤੇ ਸਿੰਘਾਂ ਵਾਂਗ ਪ੍ਰਚਾਰ ਕਰਦੀਆਂ ਸਨ।

**ਜਨਮ ਸਮੇਂ ਦੇ ਸੰਸਕਾਰ:** ਗੁਰਮਤਿ ਵਿਚ ਬੱਚੇ ਦੇ ਜਨਮ ਸਮੇਂ ਲੜਕੇ ਲੜਕੀ ਵਿਚ ਭੇਦ-ਭਾਵ ਰੱਖਣਾ ਮਨਮਤਿ

ਹੈ। ਲੜਕੀ ਦਾ ਮਾਰਨਾ, ਮੁੱਖ ਛੇ ਹੱਤਿਆਵਾਂ ਵਿਚ ਲਿਖਿਆ ਹੈ।

ਭਾਈ ਦਇਆ ਸਿੰਘ ਜੀ ਰਹਿਤਨਾਮੇਂ ਵਿਚ ਲਿਖਦੇ ਹਨ-

'ਜੋ ਕੰਨਿਆ ਮਾਰੇ ਸੋ ਖੂਨੀ ਤਨਖਾਹੀਆਂ।'

ਸਤਿਗੁਰੂ ਰਾਮ ਸਿੰਘ ਜੀ ਹੁਕਮਨਾਮੇਂ ਵਿਚ ਲਿਖਿਆ ਹੈ-

'ਲੜਕੀ ਮਾਰੇ, ਬੇਚੇ, ਬੱਟਾ ਕਰੇ, ਉਸਦੇ ਘਰ ਦਾ ਅੰਨ ਜਲ ਨਹੀਂ ਬਰਤਨਾ। ਉਸਨੂੰ ਸੰਗਤ ਵਿਚ ਨਹੀਂ ਬੜਨ ਦੇਣਾ।'

'ਕੁੜੀ ਦਾ ਮਾਰਨਾ ਗਊ ਤੇ ਵੀ ਬੜਾ ਪਾਪ ਹੈ।'

ਨਾਮਧਾਰੀ ਪੰਥ ਵਿਚ ਪ੍ਰਚਲਤ ਮਰਿਯਾਦਾ ਅਨੁਸਾਰ ਬੱਚੇ ਦੇ ਜਨਮ ਹੁੰਦਿਆਂ ਹੀ ਉਸਦੇ ਕੰਨ ਵਿਚ ਗੁਰਮੰਤ੍ਰ ਸੁਣਾ ਦੇਣ ਦਾ ਵਿਧਾਨ ਹੈ, ਜੇ ਹੋਰ ਕੋਈ ਨਾ ਪਾਸ ਹੋਵੇ ਤਾਂ ਮਾਂ ਹੀ ਬੱਚੇ ਦੇ ਕੰਨ ਵਿਚ ਗੁਰਮੰਤ੍ਰ ਦੇ ਦੇਵੇ। ਫੇਰ ਬਾਰਾਂ-ਤੇਰਾਂ ਦਿਨਾਂ ਦਾ ਬੱਚਾ ਹੋ ਜਾਵੇ ਤਾਂ ਮਾਤਾ ਅਤੇ ਬੱਚੇ ਦੋਹਾਂ ਨੂੰ ਇਸ਼ਨਾਨ ਕਰਵਾ ਕੇ ਅੰਮ੍ਰਿਤ ਛਕਾਇਆ ਜਾਵੇ ਅਤੇ ਗੁਰ ਮੰਤ੍ਰ ਦਿੱਤਾ ਜਾਵੇ ਅਤੇ ਫੇਰ 5-6 ਸਾਲ ਹੋਸ਼ ਸੰਭਾਲਨ ਤੇ ਬੱਚੇ ਨੂੰ ਫੇਰ ਕਿਸੇ ਸਾਧੂ-ਸੰਤ ਤੋਂ ਗੁਰਮੰਤ੍ਰ ਦਵਾਇਆ ਜਾਵੇ।

**ਅਨੰਦ ਕਾਰਜ:** ਨਾਮਧਾਰੀ ਸਿੱਖਾਂ ਵਿਚ ਪ੍ਰਚਲਤ ਅਨੰਦ ਕਾਰਜ ਦੀ ਮਰਯਾਦਾ ਵੀ ਨਿਵੇਕਲੀ ਹੈ ਜਿਸਦਾ ਆਰੰਭ ਸਤਿਗੁਰੂ ਰਾਮ ਸਿੰਘ ਜੀ ਨੇ 3 ਜੂਨ 1863 ਈ: ਪਿੰਡ ਖੋਟੇ ਵਿਖੇ ਛੇ ਸਾਮੂਹਿਕ ਅਨੰਦ ਕਰਕੇ ਕੀਤਾ ਸੀ। ਅਨੰਦ ਕਾਰਜ ਮੇਲਿਆਂ ਵਿਚ ਹੁੰਦੇ ਹਨ ਘਰਾਂ ਵਿਚ ਨਹੀਂ। ਮੰਗਣੀ, ਮੁਕਲਾਵਾ, ਠਾਕਾ ਆਦਿ ਕੋਈ ਰਸਮਾਂ ਨਹੀਂ ਹੁੰਦੀਆਂ। ਜਿਥੇ ਅਨੰਦ ਕਾਰਜ ਹੋਣੇ ਹੋਣ ਉਥੇ ਸੂਰਜ ਚੜਨੋਂ ਕ੍ਰੀਬ ਦੋ ਘੰਟੇ ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋ ਜਾਂਦਾ ਹੈ। ਲੜਕਾ, ਲੜਕੀ ਇਸ਼ਨਾਨ ਕਰਕੇ ਸਾਦੇ ਸਫੈਦ ਬਸਤ੍ਰ ਪਾ ਕੇ ਸੰਗਤ ਵਿਚ ਆ ਕੇ ਆਸਾ ਦੀ ਵਾਰ ਦਾ ਕੀਰਤਨ ਸ੍ਰਵਣ ਕਰਦੇ ਹਨ। ਪੰਡਾਲ ਵਿਚ ਹੀ ਵੇਦੀ ਗੱਡੀ ਜਾਂਦੀ ਹੈ।

ਵੇਦੀ ਦੇ ਕੇਂਦਰ ਵਿਚ ਹਵਨ ਕੀਤਾ ਜਾਂਦਾ ਹੈ। ਸੱਤ ਸੋਧੀ ਸਿੰਘ ਹਵਨ ਕਰਦੇ ਹਨ, ਪੰਜ ਸਿੰਘ ਬਾਣੀਆਂ ਪੜ੍ਹਦੇ ਹਨ- ਜਪੁ, ਜਾਪੁ, ਚੌਪਈ, ਚੰਡੀ ਚਰਿਤ੍ਰ, ਅਕਾਲ ਉਸਤਤ, ਚੰਡੀ ਦੀ ਵਾਰ ਅਤੇ ਉਗ੍ਰਦੰਤੀ, ਛੇਵਾਂ ਸਿੰਘ ਘਿਉ ਵਿਚ ਰਲੀ ਸਮੱਗਰੀ ਦੀਆਂ ਅਗਨੀ ਵਿਚ ਅਹੂਤੀਆਂ ਪਾਉਂਦਾ ਹੈ। ਸੱਤਵਾਂ ਸਿੰਘ ਜਲ ਦਾ ਛਿੱਟਾ ਮਾਰਦਾ ਹੈ। ਛੇਵਾਂ ਅਤੇ ਸੱਤਵਾਂ ਦੋਵੇਂ ਸਿੰਘ ਨਾਮ ਜੱਪਦੇ ਹਨ। ਹਵਨ ਨਾਲ ਸਮੁੱਚਾ ਵਾਤਾਵਰਣ ਸੁਗੰਧਿਤ ਹੋ ਜਾਂਦਾ ਹੈ। ਵੇਦੀ ਦੇ ਪਾਸ ਵਿਛੇ ਕਪੜੇ ਤੇ ਲੜਕਾ ਆ ਕੇ ਬੈਠਦਾ ਹੈ। ਇਸ ਸਮੇਂ ਲੜਕਾ ਸਾਦੇ ਸਫੈਦ ਗੁਰਮੁਖੀ ਪਹਿਰਾਵੇ ਵਿਚ ਹੁੰਦਾ ਹੈ। ਵਿਸ਼ੇਸ਼ ਕਰਕੇ ਪਜਾਮਾਂ ਅਤੇ ਜ਼ੁਰਾਬਾਂ ਵੀ ਨਹੀਂ ਪਾਈਆਂ ਜਾਂਦੀਆਂ। ਇਸ ਤੋਂ ਬਿਨਾ ਅਖੰਡ ਪਾਠ, ਵਰਨੀ, ਹਵਨ, ਨਾਮ-ਸਿਮਰਨ ਜੱਪ-ਪ੍ਰਯੋਗ ਸਮੇਂ ਵੀ ਪਜਾਮਾ ਪਾਉਣਾ ਮਰਯਾਦਾ ਵਿਚ ਨਹੀਂ। ਕਛਿਹਰਾ, ਕਮੀਜ ਅਤੇ ਦਸਤਾਰ। ਲੜਕੀ ਆ ਕੇ ਆਪਣੇ ਹੋਣ ਵਾਲੇ ਪਤੀ ਦੇ ਗਲ ਵਿਚ ਮਾਲਾ ਪਾ ਕੇ ਉਸਨੂੰ ਮੱਥਾ ਟੇਕ ਕੇ ਉਸਦੇ ਖੱਬੇ ਪਾਸੇ ਬੈਠਦੀ ਹੈ। ਗੰਢ ਚਿਤਰਾਵਾ ਕਰਕੇ ਦੋਹਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ ਅਤੇ ਕੰਨ ਵਿਚ ਗੁਰਮੰਤ੍ਰ ਸੁਣਾਇਆ ਜਾਂਦਾ ਹੈ। ਗੰਢ ਚਿਤ੍ਰਾਵੇ ਦਾ ਪੱਲਾ ਫੜਕੇ ਲੜਕਾ ਅੱਗੇ ਅਤੇ ਲੜਕੀ ਪਿੱਛੇ। ਸੰਗਤ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਪਾਸ ਕੜਾਹ ਪ੍ਰਸ਼ਾਦ ਰੱਖਿਆ ਜਾਂਦਾ ਹੈ। ਪਾਠੀ ਸਿੰਘ ਰਾਗ ਸੂਹੀ ਵਿਚ ਮਹਲੇ ਚੌਥੇ ਦੀਆਂ ਉਚਾਰਨ ਚਾਰ ਲਾਵਾਂ ਦਾ ਪਾਠ ਕਰਦੇ ਹਨ ਅਤੇ ਅਨੰਦ ਵਾਲੇ ਲੜਕੇ ਲੜਕੀਆਂ ਸੱਜਿਓ ਖੱਬੇ ਚਾਰ ਫੇਰੇ ਲੈਂਦੇ ਹਨ ਅਤੇ ਫੇਰ ਉਸੇ ਵਿਛੇ ਕਪੜੇ ਤੇ ਬੈਠ ਜਾਂਦੇ ਹਨ। ਹਵਨ ਦੀ ਅਗਨੀ ਦੁਆਰੇ ਫੇਰੇ ਲੈਣ ਦਾ ਭਾਵ ਇਕ ਪ੍ਰਤਿੱਗਿਆ ਹੁੰਦਾ ਹੈ ਕਿ ਅਸੀਂ ਗੁਰੂ ਦੇ ਸਨਮੁੱਖ ਗ੍ਰਿਹਸਤ ਜੀਵਨ ਵਿਚ ਪ੍ਰਵੇਸ਼ ਕੀਤਾ ਹੈ। ਅਸੀਂ ਜਿਉਂਦੇ ਜੀਅ ਇਕੱਠੇ ਰਹਾਂਗੇ। ਸਾਡੇ ਦੋਹਾਂ ਚੋਂ ਕਿਸੇ ਨੂੰ ਵੀ ਜੇ ਨਿਖੇੜ ਸਕਦੀ ਹੈ ਤਾਂ ਇਹ ਅਗਨੀ ਹੀ ਨਿਖੇੜੇਗੀ ਭਾਵ ਝੜਾਈ ਕਰਨ ਤੇ ਸਸਕਾਰ ਸਮੇਂ ਅਗਨੀ ਹੀ ਨਿਖੇੜ ਸਕਦੀ ਹੈ। ਲੜਕੇ ਲੜਕੀ ਵਲੋਂ ਕੀਤੇ ਪਾਠ ਦਾ ਭੋਗ ਪਾਉਣ ਲਈ ਨੌਵੇਂ ਮਹੱਲੇ ਦੇ ਸਲੋਕ ਪੜ੍ਹੇ ਜਾਂਦੇ ਹਨ। ਅਨੰਦ ਸਾਹਿਬ ਦੇ ਪੰਜ ਪੌੜੇ ਰਾਗੀ ਸਿੰਘ ਗਾਉਂਦੇ ਹਨ ਅਰਦਾਸ ਹੁੰਦੀ ਹੈ ਲੜਕੇ ਲੜਕੀ ਨੂੰ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ ਫੇਰ ਗੰਢ ਚਿਤਰਾਵਾ ਖੋਲ੍ਹ ਦਿੱਤਾ ਜਾਂਦਾ ਹੈ। ਨਾਮਧਾਰੀ ਸਿੱਖ ਸਮਾਜ ਵਿਚ ਅਨੰਦ ਕਾਰਜ ਦੀ ਪਹਿਲੀ ਤੇ ਆਖਰੀ ਰਸਮ ਇਹੋ ਹੀ ਹੈ ਜੋ ਕ੍ਰੀਬ ਇਕ ਘੰਟੇ ਵਿਚ ਕ੍ਰੀਬ ਸੂਰਜ ਚੜ੍ਹਨ ਦੇ ਨਾਲ ਹੀ ਸੰਪੂਰਨ ਹੋ ਜਾਂਦੀ ਹੈ। ਅਨੰਦ ਕਾਰਜ ਸਮੇਂ ਲੜਕਾ-ਲੜਕੀ ਨਾ ਕੋਈ ਗਹਿਣੇ ਪਾ ਸਕਦੇ ਹਨ ਅਤੇ ਨਾ ਹੀ ਕੀਮਤੀ ਰੰਗ ਬਰੰਗੇ ਕਪੜੇ। ਸਾਮੂਹਿਕ ਅਨੰਦ ਕਾਰਜਾਂ ਸਮੇਂ ਇਹ ਨਹੀਂ ਪਤਾ ਲਗਦਾ ਕਿ ਕੌਣ ਕਿਸੇ ਅਮੀਰ ਸਿੱਖ ਦੇ ਬੱਚੇ ਹਨ ਅਤੇ ਕੌਣ ਸਾਧਾਰਨ ਸਿੱਖ ਦੇ।

**ਚਲਦਾ............**

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ
## (ਅਣਛਪਿਆ-ਭਾਗ)

**(ਪਿਛਲੇ ਅੰਕ ਤੋਂ ਅੱਗੇ)**

**13 ਸਿਤੰਬਰ 1986- ਸ਼ਨੀਵਾਰ**

**ਥਾਈਲੈਂਡ ਧਰਮਸਾਲਾ 55 ਵਿਖੇ -** ਸ਼ਾਮ ਦਾ ਦੀਵਾਨ 4 ਵਜੇ ਤੋਂ ਨਿਤਨੇਮ ਦੀ ਅਰਦਾਸ ਨਾਲ ਸ਼ੁਰੂ ਹੋਇਆ। ਸਾਧ ਸੰਗਤ ਦੀ ਕੋਸ਼ਿਸ਼ ਰਹਿੰਦੀ ਹੈ ਕਿ ਜਿੰਨਾ ਚਿਰ ਵੀ ਸਤਿਗੁਰੂ ਜੀ ਬੈਂਕੋਕ ਵਿੱਚ ਦਰਸ਼ਨ ਦੇਣ ਓਨਾ ਚਿਰ ਦੋ ਵੇਲੇ ਦੇ ਦੀਵਾਨਾਂ ਵਿੱਚ ਵੱਧ ਤੋਂ ਵੱਧ ਹਾਜ਼ਰੀ ਭਰੇ। ਅੱਜ ਭੀ ਭਰਪੂਰ ਇਕੱਠ ਹੋ ਗਿਆ। 5 ਵਜੇ ਤੱਕ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਛ ਭੋਗ ਸੰਤ ਬਿਅੰਤ ਸਿੰਘ ਸੋਖਲ ਅਤੇ ਸੇਠ ਤਰਨ ਸਿੰਘ ਚਾਵਲਾ ਦੀਆਂ ਆਵਾਜ਼ਾਂ ਨਾਲ ਪਾਏ ਗਏ, ਜਦੋਂ ਕਿ ਨਾਲ ਬਾਕੀ ਪਾਠ ਕਰਨ ਵਾਲੇ ਸੈਂਚੀਆਂ ਤੋਂ ਚੁੱਪ ਕੀਤੇ ਪੜ੍ਹ ਰਹੇ ਸਨ। ਅੱਜ ਦਾ ਇਹ ਦੀਵਾਨ ਸੰਤ ਮਹਿੰਦਰ ਸਿੰਘ ਗੋਰੋਵਾੜਾ ਨਮਿਤ ਸੀ। ਗੋਰੋਵਾੜਾ ਪਰਵਾਰ ਵਲੋਂ ਹੇਠ ਲਿਖੇ ਅਨੁਸਾਰ ਭੋਗ ਪੁਆਏ ਗਏ-

-ਇੱਕ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ

-ਇੱਕ ਪਾਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ

-ਇੱਕ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬੈਂਕੋਕ ਦਰਸ਼ਨ ਦੇਣ ਦੀ ਖੁਸ਼ੀ ਵਿੱਚ

-ਇੱਕ ਪਾਠ ਸੰਤ ਮਹਿੰਦਰ ਸਿੰਘ ਗੋਰੋਵਾੜਾ ਵਾਲਿਆਂ ਦੀ ਯਾਦ ਵਿੱਚ

-ਇੱਕ ਪਾਠ ਸੇਠ ਦੇਵਿੰਦਰ ਸਿੰਘ ਸਚਦੇਵ ਨਮਿਤ

-ਦੋ ਪਾਠ ਸ. ਗੁਰਮੁਖ ਸਿੰਘ ਗੰਭੀਰ ਦੇ ਪਰਵਾਰ ਵਲੋਂ ਗੁਰਮੁਖ ਸਿੰਘ ਨਮਿਤ

-ਇੱਕ ਪਾਠ ਸੰਤਣੀ ਕਰਤਾਰ ਕੌਰ ਵਲੋਂ ਸੰਤ ਕਿਰਪਾਲ ਸਿੰਘ ਨਮਿਤ

-ਇੱਕ ਪਾਠ ਸ. ਸੇਵਾ ਸਿੰਘ ਸਚਦੇਵ ਪਰਵਾਰ ਵਲੋਂ ਸੰਤ ਮਹਿੰਦਰ ਸਿੰਘ ਗੋਰੋਵਾੜਾ ਨਮਿਤ।

**ਗਵਰਨਰ ਬੈਂਕੋਕ ਸ੍ਰੀ ਚਿਮਲਾਂਗ -** ਸਾਜ ਸੁਰ ਹੋ ਗਏ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮੰਗਲਾਚਾਰ ਨਾਲ ਸ਼ਬਦ ਆਰੰਭ ਹੋਇਆ ਕਿ ਥਾਈਲੈਂਡ ਦੇ ਗਵਰਨਰ ਸ੍ਰੀ ਚਿਮਲਾਂਗ ਨੀਲੀ ਪੈਂਟ ਬੁਰਸ਼ਟ ਵਿੱਚ ਤੇ ਉਨ੍ਹਾਂ ਦੀ ਸੁਪਤਨੀ ਸ੍ਰੀ ਲਕਸ਼ਣਾ ਸਫੈਦ ਪਹਿਰਾਵੇ ਵਿੱਚ ਦੀਵਾਨ ਵਿੱਚ ਆਏ। ਗਵਰਨਰ ਦੇ ਹੱਥਾਂ ਵਿੱਚ ਇੱਕ ਸੁੰਦਰ ਸਿੱਪ ਦੇ ਗੁਲਦਸਤਾ ਬਰਤਨ ਵਿੱਚ ਸੁੰਦਰ ਸਜੇ ਫੁੱਲਾਂ ਨੂੰ ਹਲਕੇ ਗੁਲਾਬੀ ਰੀਬਨਾਂ ਨਾਲ ਕਲਾਮਈ ਸ਼ਿੰਗਾਰਿਆ ਪੁਸ਼ਪ ਸਮੂਹ ਸੀ। ਦੋਹਾਂ ਜੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਥਾਈ ਸੱਭਿਆਚਾਰ ਵਾਂਗ ਗੋਡਿਆਂ ਪਰਨੇ ਹੋ ਕੇ ਸਾਦਰ ਸਨਿਮਰ ਅਤੇ ਭਾਵਨਾ ਭਰੀ ਨਮਸਕਾਰ ਕੀਤੀ।

ਬੀਬੀ ਸ੍ਰੀ ਲਕਸ਼ਣਾ ਤਾਂ ਬੇਬੇ ਜੀ ਕੋਲ ਬੀਬੀਆਂ ਪਾਸ ਜਾ ਬੈਠੀ ਤੇ ਗਵਰਨਰ ਸਾਹਿਬ ਸਤਿਗੁਰੂ ਜੀ ਦੇ ਸੱਜੇ ਪਾਸੇ ਕੋਲ ਬੈਠੀ ਸੰਗਤ ਵਿੱਚ। 6.30 ਤੱਕ ਸ਼ਬਦ ਕੀਰਤਨ ਦੀ ਸਮਾਪਤੀ ਤੱਕ ਗਵਰਨਰ ਨਾ ਸਮਝ ਆਉਣ ਵਾਲੇ ਸ਼ਬਦਾਂ ਦਾ ਵੀ ਕੰਨਾਂ ਵਿੱਚ ਰਸ ਬਖੇਰਦੇ ਸੰਗੀਤ ਨਾਲ ਝੂਮਦਾ ਰਿਹਾ। ਇਸ ਜੋੜੇ ਨੂੰ ਏਥੇ ਸ. ਪ੍ਰਿਤਪਾਲ ਸਿੰਘ ਲਿਆਏ ਸਨ। ਉਹਨਾਂ ਨੇ ਹੀ ਹੁਣ ਮੰਚ ਉੱਪਰ ਆ, ਮਾਈਕ ਸਾਹਵੇਂ, ਥਾਈਲੈਂਡ ਦੀ ਸੰਗਤ ਵੱਲੋਂ, ਲਿਖਿਆ ਹੋਇਆ ਇੱਕ ਮਾਣ ਪੱਤਰ ਪੜ੍ਹਿਆ। ਇਸਦੀ ਜ਼ਬਾਨ 'ਥਾਈ' ਸੀ। ਬੈਂਕੋਕ ਦੀ ਸੰਗਤ ਗਵਰਨਰ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਵਚਨਬੱਧ ਸੀ। ਡਾ. ਚਿਮਲਾਂਗ ਡਾ. ਸੁਚਾਹਟ ਵਾਂਗ ਹੀ ਸ਼ਾਕਾਹਾਰੀ ਹੈ ਤੇ ਉਸ ਤੋਂ ਵੱਧ ਸ਼ਾਕਾਹਾਰ ਦਾ ਪ੍ਰਚਾਰਕ ਹੈ।

ਸ੍ਰੀ ਸਤਿਗੁਰੂ ਜੀ ਅਤੇ ਸਾਧ ਸੰਗਤ ਵਿੱਚ ਆਇਆਂ ਸ਼ਹਿਰ ਦੇ ਸਰਬਮੁਖੀ ਸ੍ਰੀ ਚਿਮਲਾਂਗ ਨੇ ਜੋ ਕੁਛ ਕਹਿਣਾ ਸੀ, ਉਸ ਲਈ ਇਹ ਉਪਯੁਕਤ ਅਵਸਰ ਸੀ। ਉਸਨੇ ਪਹਿਲਾਂ ਤਾਂ ਉੱਠਕੇ ਗੋਡਿਆਂ ਪਰਨੇ ਹੋ ਕੇ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਫਿਰ 'ਥਾਈ' ਭਾਸ਼ਾ ਵਿੱਚ ਮੁਸਕਾਨਾਂ ਵੰਡਦਿਆਂ ਇੱਕ ਲੰਮੀ ਤਕਰੀਰ ਕੀਤੀ। ਉਹਦੇ ਚਿਹਰੇ ਦਾ ਖੇੜਾ, ਉਹਦੇ ਤੇ ਆਉਂਦੇ ਜਾਂਦੇ ਪ੍ਰਭਾਵ ਦੱਸਦੇ ਸਨ ਕਿ ਉਹ ਨਾਮਧਾਰੀਆਂ ਵਿੱਚ ਕਿੰਨੀ ਅਪਣੱਤ ਸਮਝਦਾ ਸੀ।

ਜਿਉਂ ਹੀ ਗਵਰਨਰ ਸਾਹਿਬ ਮੰਚ ਉੱਤੇ ਆਏ ਕੈਮਰੇ ਤੇ ਵੀਡੀਓ ਕੈਮਰੇ ਅਤੇ ਸਰਕਾਰੀ ਫਿਲਮ ਕੈਮਰੇ,

ਉਸਦਾ ਪਲ-ਪਲ ਸੰਭਾਲਣ ਲੱਗੇ। ਉਹਦੀ ਤਕਰੀਰ ਤੋਂ ਪਹਿਲੋਂ ਸ੍ਰੀ ਸਤਿਗੁਰੂ ਜੀ ਨੇ ਦੰਪਤੀ ਨੂੰ ਉੱਨ ਦੀਆਂ ਮਾਲਾਵਾਂ ਬਖਸ਼ ਕੇ ਕਿਰਤਾਰਥ ਕੀਤਾ।

ਸ੍ਰੀ ਸਤਿਗੁਰੂ ਜੀ ਨੇ ਸ. ਮਹਿੰਦਰ ਸਿੰਘ ਸੇਠੀ ਨੂੰ ਸ੍ਰੀ ਚਿਮਲਾਂਗ ਦੇ ਕਥਨ ਦਾ ਅਨੁਵਾਦ ਪੰਜਾਬੀ ਵਿੱਚ ਭਾਰਤੋਂ ਗਏ ਸਾਡੇ ਵਰਗਿਆਂ ਲਈ ਕਰਨ ਵਾਸਤੇ ਆਗਿਆ ਕੀਤੀ। ਉਹਨਾਂ ਚਿਮਲਾਂਗ ਦੇ ਸ਼ਬਦਾਂ ਨੂੰ ਭਾਵਾਨੁਵਾਦ ਲਈ ਨੋਟ ਕਰਨਾ ਸ਼ੁਰੂ ਕੀਤਾ।

**ਲੰਗਰ ਚਾਵਲਾ ਪਰਵਾਰ ਵੱਲੋਂ –** ਦੀਵਾਨ ਦੀ ਸਮਾਪਤੀ ਹੋਣ ਤੇ ਆਪ ਅਰਦਾਸ ਕਰਕੇ ਸੰਤ ਨਰੈਣ ਸਿੰਘ ਨਰੂਲਾ ਨੇ ਆਉਣ ਵਾਲੇ ਕੱਲ ਦੇ ਪ੍ਰੋਗਰਾਮ ਬਾਰੇ ਦੱਸਿਆ ਕਿ ਕੱਲ ਦਾ ਸਾਰੇ ਦਿਨ ਦਾ ਮੇਲਾ ਸੇਠ ਤਰਲੋਕ ਸਿੰਘ ਦੀ ਪਤਨੀ ਸੇਠਣੀ ਮਹਿੰਦਰ ਕੌਰ ਨਮਿਤ ਹੈ।

**ਧੀਰ ਪਤਨੀ ਵੱਲ –** ਸ੍ਰੀ ਸਤਿਗੁਰੂ ਜੀ ਤਾਂ ਦੀਵਾਨ ਸਥਾਨ ਤੋਂ ਆਪਣੇ ਡੇਰੇ ਪ੍ਰਸਥਾਨ ਕਰ ਗਏ। ਮੈਂ ਆਪ ਜੀ ਦੀਆਂ ਸਰਗਰਮੀਆਂ ਵੱਲ ਅਜਿਹੇ ਮੇਲਿਆਂ ਸਮੇਂ ਰੁਚਿਤ ਨਹੀਂ ਹੁੰਦਾ। ਅਨੇਕਾਂ ਵਿਅਕਤੀਆਂ ਨੇ ਆਪ ਜੀ ਨਾਲ ਨਿਜੀ, ਪਰਵਾਰਕ, ਵਿਹਾਰਕ ਜਾਂ ਪਰਮਾਰਥਕ ਦੁੱਖ ਸੁੱਖ ਸਾਂਝਾ ਕਰਨਾ ਹੁੰਦਾ ਹੈ। ਆਪ ਜੀ ਨੂੰ ਤੇ ਅਰਜਾਂ ਕਰਨ ਵਾਲਿਆਂ ਨੂੰ ਵੀ ਇਕਾਂਤ ਦੀ ਲੋੜ ਹੁੰਦੀ ਹੈ, ਸੁ ਮੈਂ ਆਪਣੀ ਇੱਛਾ ਅਨੁਸਾਰ ਭੌਂ ਭਟਕ ਲੈਂਦਾ ਹਾਂ।

ਅੱਜ ਸੰਤ ਮਹਿੰਦਰ ਸਿੰਘ ਅੰਮ੍ਰਿਤਸਰੀ ਆਪਣੀ ਗੱਡੀ 'ਤੇ ਮੈਨੂੰ ਮੇਰੇ ਸਵਰਗਵਾਸੀ, ਚਿਰ ਮਿੱਤਰ ਸੇਠ ਸੁਹੇਲ ਸਿੰਘ ਧੀਰ ਦੀ ਦੂਜੀ ਪਤਨੀ ਬੀਬੀ ਭਗਵੰਤ ਕੌਰ ਵੱਲ ਲੈ ਗਏ।

ਬੀਬੀ ਰਜਵੰਤ ਕੌਰ ਵੱਲੋਂ ਸੇਠ ਸੁਹੇਲ ਸਿੰਘ ਧੀਰ ਨੂੰ ਹੇਠ ਲਿਖੀ ਸੰਤਾਨ ਪ੍ਰਾਪਤ ਹੋਈ–

1. ਸੇਠ ਸਾਧੂ ਸਿੰਘ
2. ਸੇਠ ਭਗਵੰਤ ਸਿੰਘ
3. ਸੇਠ ਬਹਾਦਰ ਸਿੰਘ
4. ਬੀਬੀ ਕੰਵਲਜੀਤ ਕੌਰ
5. ਸੇਠ ਬਘੇਲ ਸਿੰਘ
6. ਸ੍ਰੀ ਸੁਰਿੰਦਰ ਸਿੰਘ
7. ਸ੍ਰੀ ਜਸਬੀਰ ਸਿੰਘ

ਬੀਬੀ ਰਜਵੰਤ ਕੌਰ ਨੂੰ ਇੱਕ ਬੜਾ ਧੱਕਾ ਲੱਗਾ ਹੈ ਕਿ ਇਸਦਾ 40 ਸਾਲਾ ਪੁੱਤਰ ਭਗਵੰਤ ਸਿੰਘ, ਜਿਸਨੂੰ ਸ਼ਾਹੀ ਖਾਨਦਾਨ ਵਿੱਚ ਬੜਾ ਉਦਾਰ ਕਰਕੇ ਜਾਣਿਆ ਜਾਂਦਾ ਹੈ ਤੇ ਜਿਸਨੂੰ ਆਪਣੀ ਖਲੂਸ ਦਿਲੀ ਤੇ ਸਲੀਕੇ ਭਰੇ ਵਿਵਹਾਰ ਕਾਰਨ ਕਈ ਰੁਤਬੇ ਤੇ ਖਿਤਾਬ ਮਿਲੇ ਹੋਏ ਸਨ, ਉਹ 12 ਅਪ੍ਰੈਲ 1986 ਨੂੰ ਕੁਛ ਥਾਈ ਲੋਕਾਂ ਦੀ ਸਾਜ਼ਸ਼ ਕਾਰਨ ਕਤਲ ਹੋ ਗਿਆ ਅਤੇ ਪਰਵਾਰ ਦੇ ਸਾਰੇ ਯਤਨਾਂ ਦੇ ਬਾਵਜੂਦ ਕਾਤਲਾਂ ਦੀ ਉਘ-ਸੁਘ ਨਹੀਂ ਮਿਲੀ। ਸਮਝਿਆ ਜਾਂਦਾ ਹੈ ਕਿ ਉਹਦੀ ਬਹੁ ਮਾਇਆ ਤੇ ਲੈਣਦਾਰੀ ਨੇ ਉਸਨੂੰ ਜ਼ਿੰਦਗੀਓਂ ਵਿਰਵਿਆਂ ਕਰ ਦਿੱਤਾ। ਘਰ ਵਾਲਿਆਂ ਨੂੰ ਦੂਜੇ ਤੀਜੇ ਦਿਨ ਹੀ ਉਸਦੀ ਮਿਰਤੂ ਦਾ ਪਤਾ ਲੱਗਾ।

ਅਪਾਰ ਸੰਪਤੀ ਦੇ ਮਾਲਿਕ ਸਾਧੂ ਸਿੰਘ ਦੀ ਇਕਲੌਤੀ ਸੰਤਾਨ ਇੱਕ 20 ਸਾਲ ਦੀ ਲੜਕੀ ਹੈ।

## 14 ਸਤੰਬਰ 1986, ਐਤਵਾਰ ਬੈਂਕੋਕ, ਥਾਈਲੈਂਡ

**ਚਰਨ ਪਾਉਣੇ –** ਸੇਠ ਤਰਲੋਕ ਸਿੰਘ ਜੀ ਦੇ ਬੰਗਲੇ, ਬੀਬੀ ਮਹਿੰਦਰ ਕੌਰ ਦੀ ਯਾਦ ਵਿੱਚ ਹੋ ਰਹੇ ਵਰ੍ਹੀਣੇ ਦਾ ਇਹ ਨਿਸ਼ਚਿਤ ਦਿਨ ਸੀ। ਨਾਲ ਆਏ ਰਾਗੀਆਂ ਅਤੇ ਬੈਂਕੋਕ ਦੇ ਕੀਰਤਨਕਾਰਾਂ 5.45 ਵਜੇ ਗੁਰੂ ਕੀ ਹਜ਼ੂਰੀ ਵਿੱਚ ਆਸਾ ਦੀ ਵਾਰ ਦਾ ਭੋਗ ਪਾ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਸਵੇਰ ਦੀ ਬੈਠਕ ਉਪਰੰਤ ਹਲਕਾ ਜਲਪਾਨ ਕੀਤਾ ਅਤੇ ਸੰਤ ਨਰੈਣ ਸਿੰਘ ਨਰੂਲਾ ਵਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਚਰਨ ਪਾਉਣ ਦੀ ਪਰਕਿਰਿਆ ਜਾਰੀ ਹੋ ਗਈ। 6 ਵੱਜ ਗਏ ਸਨ।

ਸ. ਪ੍ਰਿਤਪਾਲ ਸਿੰਘ ਨਾਟਾ ਦੀ ਮਾਟਾਡੋਰ ਹੀ, ਅੱਜ ਦੇ ਪ੍ਰੋਗਰਾਮ ਲਈ ਸਵਾਰੀ ਸੀ। ਸ੍ਰੀ ਹਜ਼ੂਰ ਦੀ ਸੇਵਾ ਵਿੱਚ ਸਨ-ਸੰਤ ਮਹਿੰਦਰ ਸਿੰਘ ਪੂਰਬਾ, ਸ. ਸੁਰਿੰਦਰ ਸਿੰਘ ਮਨਚੰਦਾ, ਸ. ਅਵਤਾਰ ਸਿੰਘ ਘੁੰਮਣ, ਸ. ਸੁਖਦੇਵ ਸਿੰਘ ਸੰਤ ਨਗਰ, ਪ੍ਰੀਤਮ ਸਿੰਘ ਕਵੀ ਤੇ ਏਥੋਂ ਦੇ ਪ੍ਰਬੰਧ ਕਰਤਾ ਸ. ਪ੍ਰਿਤਪਾਲ ਸਿੰਘ ਖੰਨਪੁਰੀ ਅਤੇ ਸੰਤ ਸਤਨਾਮ ਸਿੰਘ।

6.15 ਤੱਕ ਸੰਫੈਂਗ ਪਹੁੰਚ ਗਏ। ਆਰੰਭ ਕੀਤਾ :

1. ਸੂਬਾ ਕਿਰਪਾਲ ਸਿੰਘ ਜੀ ਦੀ ਦੁਕਾਨ ਤੋਂ

2. ਸਚਦੇਵ ਭਾਈ, ਸਵਰਨਪਾਲ ਸਿੰਘ, ਰਤਨ ਸਿੰਘ, ਜਸਪਾਲ ਸਿੰਘ, ਗੁਰਮੁਖ ਸਿੰਘ ਹੁਰਾਂ ਦੀ ਕੱਪੜੇ ਦੀ ਦੁਕਾਨ

3. ਸ. ਹਰੀ ਸਿੰਘ ਬੁੱਧੀਰਾਜਾ ਦੀ ਦੁਕਾਨ ਚੈਰੀਅਨ ਫੈਨਿਚ (ਕੱਪੜਾ)

4. ਸੇਠ ਦਲੀਪ ਸਿੰਘ ਗੋਰੋਵਾੜਾ ਦੀ ਦੁਕਾਨ ਸ.

ਜਗਜੀਤ ਸਿੰਘ (ਥੋਕ ਕੱਪੜਾ)

5. ਸ. ਸੁਰਜੀਤ ਸਿੰਘ (ਯੂਨੀਕੋ ਛੱਡ ਕੇ ਅਜ ਕਲ) ਮਾਡਰਨ ਏਅਰ ਏਜੰਸੀ

6. ਸ. ਜੈਮਲ ਸਿੰਘ, ਗੁਰਬਚਨ ਸਿੰਘ ਸੇਠੀ, ਦੁਕਾਨ (ਕੱਪੜਾ)

7. ਸ. ਪ੍ਰਿਤਪਾਲ ਸਿੰਘ ਖਾਣੀਜੌਂ, ਦੁਕਾਨ, ਬੈਂਕੋਕ ਇੰਪੋਰੀਅਮ, ਸਿਲੇ ਸਿਲਾਏ ਬਸਤਰ

8. ਉਪਰਲੀ ਦੁਕਾਨ ਤੋਂ ਫੌਰਹਟ ਇਲਾਕਾ, ਸ. ਮਨਿੰਦਰ ਸਿੰਘ ਜ਼ਰਗਰ (ਘਰ) ਲੜਕਾ ਜਨਮ ਦੀ ਖੁਸ਼ੀ ਵਿੱਚ ਅਤੇ ਅਰਜ਼ ਕੀਤੀ : ਦਰਸ਼ਨ ਦੇਂਦੇ ਰਿਹਾ ਕਰੋ, ਦੇਰ ਨਾ ਕਰਿਆ ਕਰੋ

9. ਸੰਤ ਗੁਰਚਰਨ ਸਿੰਘ ਸੰਤ ਨਗਰੀਆ (ਘਰ)

10. ਸੰਤ ਮੋਹਰ ਸਿੰਘ ਨਰੂਲਾ (ਘਰ) (ਮਨਚੰਦਾ ਸੁਰਿੰਦਰ ਸਿੰਘ ਦਾ ਨਵਾਂ ਸਹੁਰਾ)

11. ਸ. ਮਿੱਤ ਸਿੰਘ ਖੰਨਪੁਰੀ, (ਦੁਕਾਨ)

12. ਸ. ਹਰੀ ਸਿੰਘ ਬੁੱਧੀਰਾਜਾ (ਕੱਪੜੇ ਦੀ ਮਾਰਕੀਟ ਵਿੱਚ ਦੁਕਾਨ)

13. ਸ. ਸੰਪੂਰਨ ਸਿੰਘ ਗੋਰੋਵਾੜਾ (ਕਪੜੇ ਦੀ ਥੋਕ ਦੁਕਾਨ)

14. ਸ. ਹਰੀ ਸਿੰਘ ਬੁੱਧੀਰਾਜਾ ਥੋਕ ਦੁਕਾਨ

15. ਸ. ਨਰਿੰਦਰ ਸਿੰਘ ਮਨੋਚਾ, ਘਰ ਅਤੇ ਦੁਕਾਨ

16. ਸੰਤ ਨਰੈਣ ਸਿੰਘ ਸੇਠੀ ਕੱਪੜੇ ਦੀ ਦੁਕਾਨ

17. ਸੰਤ ਜਸਪਾਲ ਸਿੰਘ ਮਨਚੰਦਾ, ਦੁਕਾਨ ਤੇ ਘਰ

18. ਫੇਰ ਸੰਫੈਂਗ ਵਿੱਚ, ਗਿਆਨੀ ਸੰਤੋਖ ਸਿੰਘ ਫਾਨੀ ਜੀਵ ਕੱਪੜੇ ਦੀ ਹੱਟੀ ਤੇ ਘਰ, ਸ. ਮਹਿਤਾਬ ਸਿੰਘ-ਹਜੂਰ ਸਿੰਘ (ਏਸ ਘਰ ਦੁੱਧ ਛਕਿਆ, ਗਿਆਨੀ ਜੀ ਦੇ ਬੇਟੇ ਮਹਿਤਾਬ ਸਿੰਘ ਨੂੰ ਸਮਾਂ ਦਿੱਤਾ)

19. ਫੋਰਹਟ ਵਿਖੇ, ਸੰਤ ਲਾਲ ਸਿੰਘ ਹਲਵਾਈ ਦੀ ਦੁਕਾਨ

20. ਸ. ਮੁਕੰਦ ਸਿੰਘ ਮਲਹੋਤਰਾ ਦੇ ਗੈਸਟ ਹਾਊਸ ਵਿਖੇ ਦਰਸ਼ਨ

21. ਸ. ਪ੍ਰੀਤਮ ਸਿੰਘ ਮਲਹੋਤਰਾ, ਸਿਲੇ ਸਿਲਾਏ ਬਸਤਰਾਂ ਦੀ ਦੁਕਾਨ

22. ਸੰਤ ਅਰਜਨ ਸਿੰਘ ਗੋਰੋਵਾੜਾ, ਕਰਿਆਨੇ ਦੀ ਦੁਕਾਨ

23. ਸ. ਗੁਰਦੀਦਾਰ ਸਿੰਘ ਸਿਲੇ ਸਿਲਾਏ ਬਸਤਰਾਂ ਦੀ ਦੁਕਾਨ

24. ਸੇਠ ਜਸਪਾਲ ਸਿੰਘ ਦੇ ਫੋਰਹਟ ਪਲਾਜ਼ਾ ਵਿਖੇ ਦਰਸ਼ਨ। ਇਸ ਵਿਸ਼ਾਲ ਚਾਰ ਛੱਤੀ ਬਿਲਡਿੰਗ ਨੂੰ ਸ੍ਰੀ ਸਤਿਗੁਰੂ ਜੀ ਨੇ ਬੜੇ ਗਹੁ ਨਾਲ ਵੇਖਿਆ, ਹਾਲਾਂਕਿ ਜਸਪਾਲ ਸਿੰਘ ਮੌਕੇ ਤੇ ਮੌਜੂਦ ਨਹੀਂ ਸੀ, ਇਸਦਾ ਵਿਸ਼ਾਲ ਵਿਹੜਾ ਵੇਖ ਸੱਚੇ ਪਾਤਸ਼ਾਹ ਬੜੇ ਪ੍ਰਸੰਨ ਹੋਏ। ਵਾਪਸੀ ਕਰਨ ਸਮੇਂ ਸੇਠ ਜਸਪਾਲ ਸਿੰਘ ਵੀ ਆ ਗਿਆ।

25. ਸੇਠ ਜਸਪਾਲ ਸਿੰਘ ਦਾ ਫੋਰਹਟ ਵਿੱਚ ਥੋਕ ਕੱਪੜਾ ਸਟੋਰ

**ਟਾਈਪਿੰਗ ਫਲਾਵਰ ਤੇ –** 26. ਸੇਠ ਜਸਪਾਲ ਸਿੰਘ ਜੋ ਕਿ ਸਰਕਾਰੀ ਤੌਰ ਤੇ ਅਜੇ ਨਾਮਧਾਰੀ ਸੰਗਤ ਦਾ ਪ੍ਰਧਾਨ ਹੈ, ਨੇ 31 ਛੱਤੇ ਟਾਈਪਿੰਗ ਟਾਵਰ ਤੇ 27ਵੀਂ ਛੱਤ ਤੇ ਇੱਕ ਫਲੈਟ ਲੈ ਰੱਖਿਆ ਹੈ। ਚਾਰ ਬੈੱਡਰੂਮ ਦਾ ਫਲੈਟ ਹੈ ਏਥੇ। ਅਤੀ ਉੱਤਮ ਫਰਨੀਚਰ ਵੀਡੀਓ, ਟੀ. ਵੀ. ਆਦਿ ਵਿੱਚੇ ਮੌਜੂਦ ਹੈ, ਜੋ ਕਿਸੇ ਲਹਿਣੇਦਾਰੀ ਵਿੱਚ ਹੀ ਇਹ ਲਿਆ ਗਿਆ ਹੈ, ਅਸਲੋਂ ਨਵਾਂ ਫਲੈਟ। ਸ੍ਰੀ ਸਤਿਗੁਰੂ ਜੀ ਤੇ ਸੇਵਾ ਵਿੱਚ ਆਏ ਜਥੇ ਨੇ ਫਲੈਟ ਨੂੰ ਤੇ ਟਾਈਪਿੰਗ ਟਾਵਰ ਨੂੰ ਖੂਬ ਸਲਾਹਿਆ। ਸਾਰਾ ਸ਼ਹਿਰ ਏਥੋਂ ਸੁੰਗੜ ਕੇ ਕੱਠਾ ਹੋਇਆ ਲੱਗਦਾ ਹੈ। ਏਥੇ ਕੁਝ ਫਲਾਹਾਰ ਵੀ ਕੀਤਾ ਗਿਆ। ਸੇਠ ਜਸਪਾਲ ਸਿੰਘ ਨੇ ਆਪਣੀ ਹਰੇਕ ਥਾਂ ਤੇ ਚਰਨ ਪੁਆਂਦਿਆਂ 5-5 ਸੌ ਜਾਂ ਹਜ਼ਾਰ-ਹਜ਼ਾਰ ਬਾਟ ਮੱਥਾ ਟੇਕਿਆ। ਮੈਂ ਨੋਟ ਕੀਤਾ ਕਿ ਸ੍ਰੀ ਸਤਿਗੁਰੂ ਜੀ ਜਸਪਾਲ ਸਿੰਘ ਦੇ ਉੱਦਮ ਅਤੇ ਰਵੱਈਏ ਨਾਲ ਖਲੋਤੇ ਹਨ।

ਏਥੇ ਬੈਠਿਆਂ ਹੀ, ਏਥੋਂ ਦੇ ਫੋਨ ਤੇ ਲੁਧਿਆਣੇ ਸ. ਸੁਰਿੰਦਰ ਸਿੰਘ ਨਾਲ ਸ੍ਰੀ ਸਤਿਗੁਰੂ ਜੀ ਨੇ ਕੁਛ ਬਚਨ ਕੀਤੇ। ਸੰਖੇਪ : ਹਾਰਟੀ ਕਲਚਰ ਇੰਸਪੈਕਟਰ ਹਰਨਾਮ ਸਿੰਘ ਬਾਰੇ ਜਾਣਿਆ, ਉਹ ਕਿੱਥੇ ਹੈ ਤੇ ਕੀ ਕਰ ਰਿਹਾ ਹੈ। ਘਰ, ਸ੍ਰੀ ਭੈਣੀ ਸਾਹਿਬ ਦੀ ਸੁਖ ਸਾਂਦ ਜਾਣੀ ਤੇ ਭੇਜੀ, ਪੰਜਾਬ ਦਾ ਹਾਲ ਚਾਲ ਪੁੱਛਿਆ।

ਸੰਤ ਅਵਤਾਰ ਸਿੰਘ ਟੈਲੀਫੋਨ ਵਾਲੇ ਨੇ ਦੱਸਿਆ ਕਿ ਭੈਣੀ ਸਾਹਿਬ ਕਿਸੇ ਬੱਚੇ ਨਾਲ ਹਾਦਸਾ ਵਾਪਰ ਗਿਆ ਹੈ।

ਖੁਸ਼ਵੰਤ ਸਿੰਘ, ਜਸਵੰਤ ਸਿੰਘ ਹੁਰਾਂ ਨੂੰ ਸਤਿ ਸ੍ਰੀ ਅਕਾਲ ਭੇਜੀ।

ਏਥੇ ਸੇਠ ਜਸਪਾਲ ਸਿੰਘ ਨੇ ਦੱਸਿਆ ਕਿ ਇਸ

ਫਲੈਟ ਦੀ ਕੀਮਤ 65 ਲੱਖ ਬਾਟ ਹੈ (ਅਰਥਾਤ 39,00,000/- ਭਾਰਤੀ ਰੁਪਏ)

ਏਥੇ ਜਦੋਂ ਜਸਪਾਲ ਸਿੰਘ ਨੇ ਕਿਸੇ ਤਰ੍ਹਾਂ ਸਾਬਕਾ ਸੇਵਕ ਗੁਲਜ਼ਾਰ ਸਿੰਘ ਦੀ ਗੱਲ ਕੀਤੀ ਤਾਂ ਸਤਿਗੁਰੂ ਜੀ ਬਚਨ ਕੀਤਾ :

ਇਸ ਭਰਵਾਸੇ ਜੋ ਰਹੈ ਬੂਡੇ ਕਾਲੀ ਧਾਰ॥

ਏਦੂੰ ਅੱਗੇ ਹੋਰ ਕਿਸੇ ਵਿਆਖਿਆ ਦੀ ਲੋੜ ਨਹੀਂ।

**ਅੰਮ੍ਰਿਤਸਰ ਨੂੰ ਫੋਨ –** ਸ੍ਰੀ ਸਤਿਗੁਰੂ ਜੀ ਵਲੋਂ 10 ਵਜੇ ਅਵਤਾਰ ਸਿੰਘ ਅੰਮ੍ਰਿਤਸਰੀ ਨੂੰ ਫੋਨ ਮਿਲ ਗਿਆ। ਗੱਲਬਾਤ ਤੇ ਅੰਦਾਜ਼ :

ਅਵਤਾਰ ਕਿੱਥੇ ਹੈ?

ਅੰਮ੍ਰਿਤਪਾਲ, ਕੀ ਹਾਲ ਚਾਲ?

ਦਿੱਲੀਓਂ ਆਉਣ ਲਈ ਕੋਈ ਕਾਰ ਮਿਲ ਗਈ ਸੀ ?.................

ਫਿਰ ਤੁਸੀਂ ਟਰੇਨ ਤੇ ਆਏ?

..........

ਦਿੱਲੀਓਂ ਅੰਮ੍ਰਿਤਸਰ ਈ ਸਿੱਧੇ ਆ ਗਏ? ਸੰਤ ਸੂਰਤ ਸਿੰਘ ਜੀ ਵੀ ਨਾਲ ਈ ?............

ਅਵਤਾਰ ਕਿੱਥੇ ਹੈ?

ਓਥੇ ਈ ਅਜੇ? ਏਨਾ ਚਿਰ ਕੁਰਾਲੀ ਰਹਿ ਲਵੇਗਾ? ਅਵਤਾਰ ਆਏ ਤਾਂ ਭਾਰਤੀ ਟਾਈਮ 8 ਵਜੇ ਫੋਨ ਕਰੇ!................

ਡਾ. ਮੂਸਾ ਨੂੰ ਮਿਲੇ ਸਓ? ਉਸਨੂੰ ਮੈਡੀਕਲ ਰਿਪੋਰਟਾਂ ਵਖਾਣੀਆਂ। ਸਾਰੇ ਪਰਵਾਰ ਨੂੰ (ਨਾਂ ਲੈ ਲੈ ਕੇ) ਸਤਿ ਸ੍ਰੀ ਅਕਾਲ।

**ਟਾਈਪਿੰਗ ਟਾਵਰ ਦਾ ਫਲੈਟ –** ਸ੍ਰੀ ਸਤਿਗੁਰੂ ਜੀ ਨੇ ਟਾਈਪਿੰਗ ਟਾਵਰ ਦੇ ਜਸਪਾਲ ਸਿੰਘ ਵਾਲੇ ਫਲੈਟ ਵਿੱਚ ਪੂਰੇ ਮਨ ਨਾਲ ਸਮਾਂ ਬਿਤਾਇਆ। 27ਵੀਂ ਛੱਤ ਉੱਤੇ ਹਾਲ ਕਮਰੇ ਅੱਗੇ 28ਵੀਂ ਛੱਤ ਉੱਤੇ ਸੰਬੰਧਤ ਬੈੱਡ ਰੂਮ ਸਭੋ ਹੀ ਸੁਹਜ ਸੁਆਦ ਤੇ ਫਰਨੀਚਰ ਦੇ ਸੁਹਜ ਸੁਆਦ ਦੀ ਸਿਖਰ ਸਨ। ਵਿਛੇ ਬਿਸਤਰੇ, ਰੇਸ਼ਮੀ ਡਬਲ ਬੈੱਡ ਰਜਾਈਆਂ, ਸ਼ੀਸ਼ੇ, ਟੀ. ਵੀ., ਸ਼ੋ ਪੀਸ; ਕੀ ਨਹੀਂ ਸੀ ਏਥੇ ਜੁ ਇਸ ਬਣੇ ਬਣਾਏ ਫਲੈਟ ਵਿੱਚ ਨਹੀਂ ਮਿਲਿਆ।

ਸੇਠ ਜਸਪਾਲ ਸਿੰਘ ਜਿੱਥੇ ਸਤਿਗੁਰੂ ਜੀ ਦੇ ਮੋਹ ਪਿਆਰ ਵਿੱਚ ਭਿੱਜਾ ਰਹਿੰਦਾ ਹੈ ਓਥੇ ਰੁਪੈ ਪੈਸੇ ਵਲੋਂ ਤੇ ਉਦਾਰਤਾ ਵਲੋਂ ਵੀ ਮੂਹਰਲੀ ਕਤਾਰ ਵਿੱਚ ਹੈ।

ਅੱਜ ਦਾ ਚਰਨ ਪਾਊ ਪ੍ਰੋਗਰਾਮ ਏਥੇ ਹੀ ਸਮਾਪਤ ਹੋ ਗਿਆ। 11.30 ਵਜੇ ਹੀ ਵਾਪਸੀ ਹੋਈ।

**ਸੇਠਣੀ ਮਹਿੰਦਰ ਕੌਰ ਨਮਿਤ ਮੇਲਾ –** ਦੁਪਹਿਰ ਤੱਕ ਸ. ਹਰਵਿੰਦਰ ਸਿੰਘ ਹੰਸਪਾਲ ਐਮ. ਪੀ., ਉਨ੍ਹਾਂ ਦੀ ਸੁਪਤਨੀ ਬੀਬੀ ਚਰਨਜੀਤ ਕੌਰ ਅਤੇ ਸਤਿਗੁਰੂ ਜੀ ਦੇ ਨਿਵਾਜੇ ਡਾ. ਮਸ਼ੱਫਰ ਅਲੀ ਮੂਸਾ ਵੀ ਦਿੱਲੀਓਂ ਆ ਗਏ।

ਮਹਾਰਾਜ ਬੀਰ ਸਿੰਘ ਜੀ ਵਲੋਂ ਕੱਲ੍ਹ ਤਾਰ ਆ ਗਈ ਸੀ ਕਿ ਉਨ੍ਹਾਂ ਤੋਂ ਆਇਆ ਨਹੀਂ ਜਾ ਸਕਣਾ, ਬੇਹੱਦ ਅਫਸੋਸ ਹੈ।

ਪੂਰੇ 2 ਵਜੇ ਪੰ. ਗੋਪਾਲ ਸਿੰਘ ਜੀ ਨੇ 'ਜਿਨ੍ਹਾਂ ਕਾਲ ਪਾਵਿਆਂ ਨਾਲ ਬੰਨ੍ਹਿਆਂ, ਦੁਨੀਆਂ ਤੋਂ ਉਹ ਵੀ ਤੁਰ ਗਏ' ਦੀ ਧਾਰਨਾ ਤੇ ਬੈਂਕੋਕ ਵਾਲੇ ਸਿੰਘਾਂ ਦੇ ਜਥੇ ਨਾਲ ਦੀਵਾਨ ਸ਼ੁਰੂ ਕੀਤਾ ਅਤੇ ਮਿੰਟਾਂ ਵਿੱਚ ਹੀ ਬਹੁਤ ਸਾਰੀ ਸੰਗਤ ਸੇਠ ਤਰਲੋਕ ਸਿੰਘ ਦੇ ਬੰਗਲੇ ਵਿੱਚ ਇਕੱਤਰ ਹੋ ਗਈ। ਪੰਡਤ ਜੀ ਨੇ ਮ੍ਰਿਤੂ ਦੀ ਵਿਆਖਿਆ ਪ੍ਰਭਾਵਸ਼ਾਲੀ ਢੰਗ ਨਾਲ ਇੱਕ ਘੰਟੇ ਤੱਕ ਕੀਤੀ ਅਤੇ ਫਿਰ 3 ਤੋਂ 4 ਵਜੇ ਤੱਕ ਨਾਮ ਸਿਮਰਨ ਦੀ ਅਰਦਾਸ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋ ਗਈ। ਸੇਠ ਜੀ ਦੇ ਬੰਗਲੇ ਵਿੱਚ ਜਿੱਧਰ ਵੀ ਨਜ਼ਰ ਜਾਂਦੀ ਸੀ ਸਫੈਦ ਕੱਪੜਿਆਂ ਵਿੱਚ ਸੋਹੰਦੇ ਇਸਤਰੀ ਪੁਰਸ਼ ਹੀ ਦਿਸਦੇ। ਸੰਤ ਨਰੈਣ ਸਿੰਘ ਨਰੂਲਾ ਨਿੱਤ ਦੇ ਅਰਦਾਸ ਕਰਤਾ ਹਨ।

**ਬਜ਼ੁਰਗ, ਸੇਵਕ ਰਾਮ ਜੀ ਦਾ ਸਨਮਾਨ –** ਨਾਮ ਸਿਮਰਨ ਕਰਦਿਆਂ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਨਾਮਧਾਰੀ ਸੰਗਤਾਂ ਦੇ ਪ੍ਰੇਮੀ ਇੱਕ ਬਿਰਧ ਸੱਜਣ ਦੀਵਾਨ ਵਿੱਚ ਆਏ ਤਾਂ ਸ੍ਰੀ ਸਤਿਗੁਰੂ ਜੀ ਦੇ ਸਿੰਘਾਸਣ ਵਾਲੇ ਮੰਚ ਦੇ ਨੇੜੇ ਹੀ ਪਰ ਸਾਹਵੇਂ, ਇੱਕ ਸੋਫੇ ਤੇ ਉਨ੍ਹਾਂ ਨੂੰ ਬਿਠਾਇਆ ਗਿਆ। ਏਹ ਸੇਠ ਸੇਵਕ ਰਾਮ ਪਿੱਛੋਂ ਸਿੰਧ ਦੇ ਵਸਨੀਕ ਸਨ ਅਤੇ ਆਜ਼ਾਦ ਹਿੰਦ ਫੌਜ ਦੇ ਆਰੰਭ ਸਮੇਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਕੰਮ ਕਰਦੇ ਰਹੇ ਹਨ।

ਨਾਮ ਸਿਮਰਨ ਦੀ ਸਮਾਪਤੀ ਉਪਰੰਤ 4.10 ਵਜੇ ਸ੍ਰੀ ਸਤਿਗੁਰੂ ਜੀ ਨੇ ਸਦ-ਉਪਦੇਸ਼ ਦਿੱਤਾ।

**ਚਲਦਾ..........**

# A Saga Of
# Sri Satguru Jagjit Singh Ji

- Dr. Sharada Jayagovind

Ustad Bhai Taba ji Rababi gave lessons in *Gurmat Sangeet* and Ustad Mastan Singh taught them *dilruba.*

Rahim Baksh ji of *Talwandi Gharana* was the son of Ustad Udho Khan. Satguru Partap Singh ji brought him to Sri Bhaini Sahib and requested him to teach Hindustani vocal music to Patsha ji and friends.

Satguru Partap Singh ji used to monitor the progress of the students. One day, the Satguru heard the children sing and was not satisfied with their performance.

His Holiness told the musician:

“Bhai Rahim Baksh, your heart is not in teaching music, leave it.”

By this, the Satguru did not mean any disrespect to the teacher. He valued the fine art so much that to him music was not a mere hobby or entertainment but divine knowledge which links one to God. He used to very often say that it was the responsibility of every Sikh parent to see that the fragrance of music emanates from their children.

Ironically, some time later, Ustad Udho Khan ji, the father of Rahim Baksh, suffered from severe diarrhoea. Satguru Partap Singh ji brought him to Sri Bhaini Sahib and nursed him back to health. Ustad Udho Khan stayed in Sri Bhaini Sahib for a long time and taught over 250 traditional compositions to Patsha ji and other students. He was very happy with the sincerity with which Patsha ji learnt music from him. Once Satguru Partap Singh ji asked Udho Khan ji:

“Ustad ji, why are you not teaching music to your own grandchildren?”

Udho Khan ji answered:

"I cannot run behind them and teach. If they want music, they should come to me.”

Ustad Mastan Singh was another eminent artist who contributed to the making of Patsha ji, the musician. Satguru Partap Singh ji too learnt *dilruba* from him. Once while Ustad Mastan

Singh was playing the *dilruba,* the melancholic, emotionally loaded notes reached such divine heights that Satguru Partap Singh ji held the hands of the Ustad and said:

"Ustad ji, please stop playing. This music revives the pangs of separation I feel from Satguru Ram Singh ji. I am unable to bear it anymore."

While the *dilruba* was the favourite instrument of Patsha ji, his brother Maharaj Bir Singh ji excelled in playing *pakhawaj jori,* a traditional percussion instrument. Bhai Nasir ji, the renowned artiste taught *pakhawaj jori* and *tabla* to Maharaj Bir Singh ji. Bhai Nasir ji was the disciple of Ustad Miyaan Qadir Baksh.

Patsha ji acknowledged the great role played by his father in grooming him into a musician. At Sri Bhaini Sahib, Satguru Partap Singh ji would sit with the children every day, listen to their singing and mentor them. Satguru ji was particular that the children kept their beats to perfection. He had a metronome machine manufactured, on which the children could count beats. They were trained to sing to the metronome's beat and tempo to perfection.

While on tour, Satguru Partap Singh ji would summon the students to his camp and the music sessions would go on. On one occasion, Satguru Partap Singh ji told Patsha ji:

"Kaka, I have heard many musicians. Nobody sing like you. With more hard work you can reach greater heights."

Later in life, Patsha ji said:

"If I sing and compose music today, it is due to the blessings of my Satguru."

Satguru Partap Singh ji organized the first Gurmat Sangeet Sammelan in September 1933 in Sri Bhaini Sahib.

The Partition of India in 1947 dealt a rude blow to the cultural life of Punjab, especially to *Gurmat Sangeet.* The Golden Temple at Amritsar lost many of its Muslim *rababis* as they migrated to Pakistan. Satguru Partap Singh ji requested them to stay in India. They did not heed his advice and many decided to move to Pakistan. It looked like the end of the *Talwandi Gharana* music in India. It was at this juncture that Satguru Partap Singh ji and Satguru Jagjit Singh ji, father and son, took upon themselves the task of gathering the remaining gems of musicians and compositions so that the divine art would not die on the soil of Bharat.

**To be continued......**

# ਕਾਵਿ-ਕਿਆਰੀ

## ਧਰਤੀ ਦੀ ਵਾਰ

ਭੁੱਖਾ ਵੇਖ ਕਿਸਾਨ ਨੂੰ, ਰੋਈ ਧਰਤੀ ਜ਼ਾਰੋ-ਜ਼ਾਰ,
ਕਹਿੰਦੀ ਕਿੰਨੇ ਤੈਥੋਂ ਖੋਹ ਲਏ, ਮੇਰੇ ਦਿੱਤੇ ਅੰਨ ਭੰਡਾਰ।

ਵੇ ਤੂੰ ਨੰਗਾ ਫਿਰਦਾ ਪੁੱਤਰਾ, ਤੇਰੇ ਉੱਤੇ ਤੇੜ ਲੰਗਾੜ,
ਦੱਸ ਕੌਣ ਕਮਾਈ ਲੈ ਗਿਆ, ਮੈਨੂੰ ਦਿਸ ਦੇ ਭਰੇ ਬਜ਼ਾਰ।

ਮੇਰੇ ਅੰਦਰ ਜਿੰਨੀਆਂ ਬਰਕਤਾਂ, ਸਭ ਦਿੱਤੀਆਂ ਤੈਥੋਂ ਵਾਰ,
ਤੂੰ ਫਿਰ ਵੀ ਹੱਥ ਫੈਲਾ ਕੇ, ਹਰ ਮੰਗੇ ਚੀਜ਼ ਉਧਾਰ।

ਸਭ ਖਾਵਣ ਨੂੰ ਮੂੰਹ ਟੱਡ ਦੇ, ਤੂੰ ਈ ਪੈਦਾ ਕਰੇ ਅਪਾਰ,
ਤੂੰ ਮੇਰਾ ਹੱਥ ਵਟਾਵਦਾ ਏ, ਨਾਲੇ ਚੁੱਕਦਾ ਮੇਰਾ ਭਾਰ।

ਮੈਂ ਤੈਥੋਂ ਸਦਕੇ ਜਾਂਵਦੀ, ਤੇਰੀ ਸਭ ਤੋਂ ਔਖੀ ਕਾਰ,
ਅੱਜ ਤੇਰੇ ਸਿਰ ਤੇ ਚੱਲਦੇ, ਸਭ ਮਿੱਲਾਂ ਕਾਰੋਬਾਰ।

ਤੂੰ ਇੱਕੋ ਕੰਮ ਨਾ ਸਿੱਖਿਆ, ਜਿਹਦੀ ਪੈਗੀ ਤੈਨੂੰ ਮਾਰ,
ਉਸ ਧੰਦੇਕਾਰਾਂ ਲੁੱਟਿਆ, ਜਿਹਨੂੰ ਕਹਿੰਦੇ ਵਣਜ ਵਪਾਰ।

ਤੇਰੇ ਬੱਚਿਆਂ ਕੋਲੇ ਫੀਸ ਨਾ, ਇਥੇ ਵਿਦਿਆ ਬਣੀ ਵਪਾਰ,
ਤੂੰ ਬੇ ਇਲਾਜ਼ਾ ਮਰ ਰਿਹਾ, ਤੇਰੀ ਨਹੀਂ ਕਿਸੇ ਨੂੰ ਸਾਰ।

ਤੇਰੇ ਪੁੱਤ ਸਰਹੱਦ ਤੇ, ਬਾਕੀ ਸੌਂਦੇ ਵਿੱਚ ਪਰਿਵਾਰ,
ਤੂੰ ਵਤਨੋਂ ਬੱਚੜੇ ਵਾਰ ਤੇ, ਨੇਤਾ ਕਰਦੇ ਲਾਸ਼ ਵਪਾਰ।

ਤੂੰ ਖੁਦ ਹੀ ਵੰਡੀਆਂ ਪਾਏ ਕੇ, ਸਭ ਤਾਕਤ ਲਈ ਖਲਾਰ,
ਤੂੰ ਵੇਰੀ ਮੀਤ ਪਛਾਣ ਕੇ, ਕਰ ਏਕੇ ਦਾ ਪ੍ਰਸਾਰ।

ਤੇਰੇ ਅੱਗੇ ਅੜਣਾ ਕਿਸੇ ਨਾ, ਕਿਸੇ ਝੱਲਣੀ ਨਹੀਂ ਲਲਕਾਰ,
ਚੱਲ ਆ ਮੈਦਾਨ ਹਲੂਣੀਏ, ਜਿਹੜੀ ਘੂਕ ਸੁੱਤੀ ਸਰਕਾਰ।

**ਡਾ. ਸੁਰਿੰਦਰ ਪਾਲ ਸਿੰਘ ਮੰਡ**

## ਮੋੜਿਆ ਵਰਕਾ

ਜੇਲ੍ਹ ਕੋਠੜੀ ਵਿੱਚ ਭਗਤ ਸਿੰਘ, ਬੈਠਾ ਪੁਸਤਕ ਪੜ੍ਹਦਾ।
ਫਾਂਸੀ ਦਾ ਆ ਗਿਆ ਸੁਨੇਹਾ, ਵਰਕਾ ਦੂਹਰਾ ਕਰਦਾ।
ਲੱਭੀਏ ਉਹੀ ਪੁਸਤਕ, ਉਸ ਨੂੰ ਲੋਕਾਂ ਦੇ ਵਿੱਚ ਧਰੀਏ।
ਭਗਤ ਸਿੰਘ ਦਾ ਮੋੜਿਆ ਵਰਕਾ, ਆਪਾਂ ਸਿੱਧਾ ਕਰੀਏ।

ਉਸ ਵਰਕੇ ਵਿੱਚ ਮਾਨਵਤਾ ਦਾ, ਭਲਾ ਸਮੋਇਆ ਹੋਇਆ।
ਸੱਭੇ ਸਾਂਝੀਵਾਲ ਸਦਾਇਣ ਦਾ, ਹੈ ਗੀਤ ਪਰੋਇਆ।
ਮਜ਼ੑਬਾਂ, ਜ਼ਾਤਾਂ, ਪਾਈਆਂ ਵੰਡੀਆਂ, ਆਓ ਏਕਤਾ ਭਰੀਏ।
ਭਗਤ ਸਿੰਘ ਦਾ ਮੋੜਿਆ ਵਰਕਾ, ਆਪਾਂ ਸਿੱਧਾ ਕਰੀਏ।

ਉਸ ਵਰਕੇ ਦੇ ਹਰਫਾਂ ਦੱਸਿਆ, ਤਖ਼ਤਾਂ ਸੰਗ ਟਕਰਾਉਣਾ।
ਅੱਖਰ ਅੱਖਰ ਗੂੰਜੇ, ਕਿਰਤੀ ਤਾਈਂ ਹੱਕ ਦਿਵਾਉਣਾ।
ਦੇਸ਼ ਲਈ ਕੁਝ ਕਰੀਏ, ਐਵੇਂ ਡਰ-ਡਰ ਕੇ ਨਾ ਮਰੀਏ।
ਭਗਤ ਸਿੰਘ ਦਾ ਮੋੜਿਆ ਵਰਕਾ, ਆਪਾਂ ਸਿੱਧਾ ਕਰੀਏ।

ਕੁਝ ਤਾਂ ਮਰ ਗਏ ਨਸ਼ਿਆਂ ਦੇ ਵਿੱਚ, ਕੁਝ ਖੁਦਕੁਸ਼ੀਆਂ ਕਰਕੇ।
ਬੇ-ਰੁਜ਼ਗਾਰਾਂ ਦੇ ਵਿੱਚ ਸ਼ਾਮਲ, ਹੋ ਜਾਂਦੇ ਨੇ ਪੜ੍ਹਕੇ।
ਲੀਡਰ ਲੁੱਟੀ ਜਾਣ ਦੇਸ਼ ਨੂੰ, ਹੋਰ ਕਿੰਨਾ ਚਿਰ ਜਰੀਏ।
ਭਗਤ ਸਿੰਘ ਦਾ ਮੋੜਿਆ ਵਰਕਾ, ਆਪਾਂ ਸਿੱਧਾ ਕਰੀਏ।

ਪੜ੍ਹ ਲਵੋ ਇਤਿਹਾਸ ਦੇ ਪੰਨੇ, ਕਲਮਾਂ ਯੁੱਗ ਪਲਟਾਏ।
ਨਾਲ ਗਿਆਨ ਦੇ ਜੁੜਿਆਂ ਬਾਝੋਂ, ਕੁਝ ਵੀ ਸਮਝ ਨਾ ਆਏ।
ਗੱਗੜ ਮਾਜਰੇ ਵਾਲੇ ਦੀ ਗੱਲ, ਵਿੱਚ ਹੁੰਗਾਰਾ ਭਰੀਏ।
ਭਗਤ ਸਿੰਘ ਦਾ ਮੋੜਿਆ ਵਰਕਾ, ਆਪਾਂ ਸਿੱਧਾ ਕਰੀਏ।

**– ਹਰਨੇਕ ਸਿੰਘ ਭੰਡਾਲ**

# ਸੁੱਚੇ ਮੋਤੀ

– ਨਿਮਰਤਾ, ਸਦਾਚਾਰ ਦੀ ਪ੍ਰਪੱਕ ਨੀਂਹ ਹੁੰਦੀ ਹੈ।

– ਕਨਫਿਊਸ਼ਿਅਸ

– ਹਰ ਕਿਸੇ ਨਾਲ ਅਤੇ ਹਰ ਵੇਲੇ ਨਿਮਰਤਾ ਅਤੇ ਮਿੱਠਾ ਬੋਲਣਾ ਇਕ ਗੁਣ ਹੈ। ਵਿਅਕਤੀ ਵੇਖ ਕੇ ਅਤੇ ਮੌਕਾ ਵੇਖ ਕੇ ਨਿਮਰ ਭਾਵ ਨਾਲ, ਮਿੱਠਾ ਬੋਲਣਾ ਮੌਕਾ-ਪ੍ਰਸਤੀ ਹੈ, ਸਿਆਸਤ ਹੈ।

– ਵੱਡਿਆਂ ਦਾ ਸਤਿਕਾਰ ਕਰਨਾ ਸ਼ਿਸ਼ਟਾਚਾਰ ਹੈ ਅਤੇ ਛੋਟਿਆਂ ਨੂੰ ਮਾਣ ਸਤਿਕਾਰ ਦੇਣਾ ਇਨਸਾਨੀਅਤ ਹੈ।

– ਵੱਡਿਆਂ ਦਾ ਸਤਿਕਾਰ ਕਰਕੇ ਉੱਚੇ ਅਹੁਦਿਆਂ ਤੱਕ ਪੁੱਜਿਆ ਜਾ ਸਕਦਾ ਹੈ ਪਰ ਛੋਟਿਆਂ ਦਾ ਸਤਿਕਾਰ ਕਰਨ ਵਾਲੇ ਦਿਲਾਂ ਤੇ ਰਾਜ ਕਰਦੇ ਹਨ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਸਿਰੀ ਰਾਗ ਮ ੧

– ਛੋਟੇ ਲੋਕਾਂ ਦੀ ਕਸਵੱਟੀ ਤੇ ਪੂਰੇ ਉਤਰਨ ਵਾਲੇ ਲੋਕ ਹੀ ਮਹਾਨ ਹੁੰਦੇ ਹਨ। ਆਪਣੇ ਵਕਤ ਦੇ ਰਈਸ ਮਲਕ ਭਾਗੋ ਦੇ ਵਿਸ਼ੇਸ਼ ਅਤਿਥੀ, ਉਸ ਸਮੇਂ ਦੇ ਨਾਮਵਰ ਪੰਡਿਤਾਂ ਅਤੇ ਮਹਾਤਮਾਵਾਂ ਨੂੰ ਅੱਜ ਕੋਈ ਨਹੀਂ ਜਾਣਦਾ ਪਰ ਇਕ ਕਿਰਤੀ ਗ੍ਰੀਬ ਭਾਈ ਲਾਲੋ ਨੂੰ ਵਡਿਆਈ ਬਖਸ਼ਣ ਵਾਲੇ ਨਾਨਕ ਅੱਜ ਜਗਤ ਗੁਰੂ ਵਜੋਂ ਪੂਜੇ ਜਾਂਦੇ ਹਨ।

– ਇਹ ਮਹੱਤਵਪੂਰਨ ਨਹੀਂ ਕਿ ਤੁਹਾਡੇ ਜੀਵਨ ਵਿੱਚ ਕਿੰਨੇ ਸਾਲ ਹਨ। ਵਿਸ਼ੇਸ਼ਤਾ ਇਸ ਗਲ ਵਿਚ ਹੈ ਕਿ ਤੁਹਾਡੇ ਸਾਲਾਂ ਵਿੱਚ ਜੀਵਨ ਕਿੰਨਾਂ ਹੈ।

– ਜ਼ਿੰਦਗੀ ਦਾ ਮੋੜ ਵੀ ਕੀ ਮੋੜ ਹੈ,
ਨਾ ਚੁਨੌਤੀ, ਨਾ ਸਫ਼ਰ, ਨਾ ਹਾਦਸਾ।

– ਜਿੰਦਗੀ ਦਾ ਸਭ ਤੋਂ ਭਾਰੀ ਬੋਝ ਧਨ ਅਤੇ ਸਮਾਂ ਹੁੰਦੇ ਹਨ। ਵਿਅਕਤੀਆਂ ਵਿਚੋਂ ਜਿਹੜੇ ਦੁਖੀ ਹਨ, ਉਹ ਹਨ ਜਿਨ੍ਹਾਂ ਕੋਲ ਜਾਂ ਤਾਂ ਧਨ ਦੀ ਬਹੁਲਤਾ ਹੈ ਜਾਂ ਸਮਾਂ ਵਧੇਰੇ ਹੈ ਅਤੇ ਉਹ ਇਨ੍ਹਾਂ ਦੀ ਢੁਕਵੀਂ ਵਰਤੋਂ ਨਹੀਂ ਕਰਨਾ ਜਾਣਦੇ।

–ਜਾਨਸਨ

..................................................

# ਖ਼ਬਰਨਾਮਾ

## ਸ਼ਹੀਦੇ-ਆਜ਼ਮ, ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ ਗਿਆ

**28 ਸਿਤੰਬਰ: ੧੩ ਅੱਸੂ ਸ੍ਰੀ ਭੈਣੀ ਸਾਹਿਬ–** ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਚੱਲ ਰਹੇ ਨਾਮ-ਸਿਮਰਨ ਜਪ-ਪ੍ਰਯੋਗ ਦੌਰਾਨ ਅੱਜ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਹੋਏ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਸੰਤ ਗੁਰਚਰਨ ਸਿੰਘ ਮੁਹਾਵਾ, ਸ੍ਰੀ ਹਰਵਿੰਦਰ ਸਿੰਘ ਹਿੰਦਾ, ਅਤੇ ਸੰਤ ਸ਼ਾਮ ਸਿੰਘ ਦੀ ਅਗਵਾਈ ਵਿਚ ਸ੍ਰੀ ਭੈਣੀ ਸਾਹਿਬ ਦੇ ਜਥੇ ਨੇ ਕੀਤਾ। ਢੋਲਕ ਤੇ ਸੰਗਤ ਕਾਕਾ ਬਿਧੀ ਨੇ ਕੀਤੀ।

ਵਾਰੇ ਉਪਰੰਤ ਕਰੀਬ ਅੱਧੇ ਘੰਟੇ ਵਾਸਤੇ ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ ਨੇ ਸ਼ਹੀਦ ਭਗਤ ਸਿੰਘ ਜੀ ਬਾਰੇ ਜਾਣਕਾਰੀ ਭਰਪੂਰ ਵਿਖਿਆਨ ਕੀਤਾ। ਆਪ ਦੇ ਵਿਖਿਆਨ ਦਾ ਸੰਖੇਪ ਸਾਰ ਹੈ–

"1857 ਦੇ ਵਿਦਰੋਹ ਨੂੰ ਅੰਗਰੇਜ਼ ਹਾਕਮਾਂ ਨੇ ਬਹੁਤ ਬੇਰਹਿਮੀ ਨਾਲ ਕੁਚਲ ਦਿੱਤਾ। ਉਹ ਅਜਿਹਾ ਸਹਿਮ ਅਤੇ ਨਿਰਾਸਤਾ ਦਾ ਦੌਰ ਸੀ ਕਿ ਵਿਦੇਸ਼ੀ ਸਾਮਰਾਜ ਵਿਰੁੱਧ ਕੋਈ ਉੱਚੀ ਸਾਹ ਨਹੀਂ ਸੀ ਲੈ ਰਿਹਾ। ਅਜਿਹੇ ਸਮੇਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਛੱਤਰ ਛਾਇਆ ਹੇਠ ਕੂਕਿਆਂ ਨੇ ਆਜ਼ਾਦੀ ਦੀ ਅਜਿਹੀ ਬੇਖੌਫ ਬੁਲੰਦ ਕੂਕ ਮਾਰੀ ਕਿ ਬਰਤਾਨਵੀ ਹਾਕਮਾਂ ਦੀ ਨੀਂਦ ਹਰਾਮ ਕਰ ਦਿੱਤੀ। ਨਾਮਧਾਰੀ ਸਿੰਘ ਗਲੀਆਂ ਵਿਚ ਗਾਉਂਦੇ ਫਿਰਦੇ ਸਨ–

ਇਹ ਮਲੇਸ਼ ਨੰਦਨੋਂ ਆਏ,
ਏਨ੍ਹਾਂ ਬੁੱਚੜਖਾਨੇ ਲਾਏ।
ਸਾਨੂੰ ਦੁੱਖ ਗਊਆਂ ਦਾ ਖਾਏ,
ਸਿੰਘੋ ਸੀਸ ਦੇਖਣੇ ਆਏ।
ਨਾਇ ਕਰਤਾਰ ਦੇ।

ਅੰਮ੍ਰਿਤਸਰ, ਰਾਏਕੋਟ, ਲੁਧਿਆਣਾ ਅਤੇ ਮਲੇਰਕੋਟਲਾ ਵਿਖੇ ਨਾਮਧਾਰੀ ਸਿੰਘਾਂ ਨੇ ਆਪ ਫਾਂਸੀਆਂ ਦੇ ਰੱਸੇ ਗਲਾਂ ਵਿੱਚ ਪਾ ਕੇ ਅਤੇ ਤੋਪਾਂ ਦੇ ਗੋਲੇ ਛਾਤੀਆਂ ਦੇ ਸਹਿ ਕੇ ਦੇਸ਼ ਵਾਸੀਆਂ ਨੂੰ ਅਣਖ ਅਤੇ ਸੂਰਬੀਰਤਾ ਦਾ ਸਬਕ ਸਿਖਾਇਆ। ਸੂਬਾ ਰਤਨ ਸਿੰਘ ਉਰਫ਼ ਗਿਆਨਾ ਸਿੰਘ ਜਦ ਤਖਤੇ ਪਰ ਚੜ੍ਹੇ ਤਾਂ ਬੋਲਾ ਕੀਤਾ: ਬਿੱਲਿਆ! ਮੂੰਹ ਤਾਂ ਸਾਮ੍ਹਣੇ ਰੱਖ, ਪਿੱਠ ਕਿਉਂ ਕੀਤੀ ਊ ਜਵਾਈ ਵੰਨੇ, ਉਨ੍ਹਾਂ ਵੰਗਾਰ ਕੇ ਕਿਹਾ: 'ਥੋੜ੍ਹੇ ਸਮੇਂ ਦੀ ਹੈ ਦੇਰ, ਜਨਮ ਲਵਾਂਗੇ ਫੇਰ। ਇੰਜ ਕੁਝ ਵਕਫ਼ਾ ਪੈ ਜਾਊ ਥੋੜ੍ਹੇ ਸਾਲ ਦਾ।' ਇਨ੍ਹਾਂ ਕੂਕੇ ਸ਼ਹੀਦਾਂ ਦੀ ਲਾਈ ਆਜ਼ਾਦੀ ਦੀ ਚਿਣਗ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਹੀ ਭਾਂਬੜ ਬਣ ਭੜਕ ਉੱਠੀ ਭਾਰਤ ਦੀ ਖੜਗ ਭੁਜਾ ਪੰਜਾਬ ਵਿੱਚ ਅਨੇਕਾਂ ਜਥੇਬੰਦੀਆਂ ਵਿਦੇਸ਼ੀ ਸਾਮਰਾਜ ਦਾ ਤਖ਼ਤਾ ਪਲਟਾਉਣ ਲਈ ਸਰਗਰਮ ਹੋਈਆਂ ਅਨੇਕਾਂ ਦੇਸ਼ ਭਗਤ ਫਾਂਸੀ ਦੇ ਤਖਤਿਆਂ ਤੇ ਝੂਲ ਗਏ। ਇਨ੍ਹਾਂ ਵਿੱਚ ਇੱਕ ਚਮਕਦਾ ਸਰਘੀ ਦੇ ਤਾਰੇ ਵਰਗਾ ਨਾਮ ਹੈ ਸ਼ਹੀਦ ਭਗਤ ਸਿੰਘ ਜਿਨ੍ਹਾਂ ਦਾ ਅੱਜ ਜਨਮ ਦਿਵਸ ਹੈ। ਬੇਸ਼ੱਕ ਆਪ ਦੇ ਦਾਦਾ ਸਰਦਾਰ ਅਰਜਨ ਸਿੰਘ ਅਤੇ ਪਿਤਾ ਸਰਦਾਰ ਕਿਸ਼ਨ ਸਿੰਘ ਤੋਂ ਆਪ ਨੂੰ ਦੇਸ਼ ਭਗਤੀ ਦੀ ਗੁੜ੍ਹਤੀ ਮਿਲੀ। ਸਰਦਾਰ ਅਰਜਨ ਸਿੰਘ ਦੇ ਤਿੰਨ ਪੁੱਤਰ ਸਰਦਾਰ ਕਿਸ਼ਨ ਸਿੰਘ, ਸਰਦਾਰ ਅਜੀਤ ਸਿੰਘ ਅਤੇ ਸਰਦਾਰ ਸਵਰਨ ਸਿੰਘ ਪੈਦਾ ਹੋਏ। ਇਸ ਪਰਿਵਾਰ ਦੇ ਵਡੇਰਾ ਸ. ਫਤਿਹ ਸਿੰਘ ਕਦੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਸੇਵਾ ਕਰਦਾ ਰਿਹਾ ਸੀ। ਬਾਬਾ ਫਤਹਿ ਸਿੰਘ ਦੇ ਘਰ ਪੈਦਾ ਹੋਇਆ ਸਰਦਾਰ ਖੇਮ ਸਿੰਘ ਅਤੇ ਖੇਮ ਸਿੰਘ ਦੇ ਤਿੰਨ ਪੁੱਤਰ ਹੋਏ ਸੁਰਜਨ ਸਿੰਘ, ਅਰਜਨ ਸਿੰਘ ਅਤੇ ਮੇਹਰ ਸਿੰਘ। ਇਨ੍ਹਾਂ ਵਿੱਚੋਂ ਸਰਦਾਰ ਅਰਜਨ ਸਿੰਘ ਦਾ ਪਰਿਵਾਰ ਦੇਸ਼ ਭਗਤੀ ਦੀ ਪ੍ਰਚੰਡ ਭਾਵਨਾ ਨਾਲ ਆਜ਼ਾਦੀ ਸੰਗਰਾਮ ਦਾ ਭਾਈਵਾਲ ਬਣਿਆ। ਸ੍ਰ. ਕਿਸ਼ਨ ਸਿੰਘ, ਸਰਦਾਰ ਅਜੀਤ ਸਿੰਘ ਦਾ ਨਾਮ ਆਜ਼ਾਦੀ ਸੰਗਰਾਮ ਦੀ ਮੋਹਰਲੀ ਕਤਾਰ ਵਿੱਚ ਆਉਂਦਾ ਹੈ। ਕਿਸਾਨ ਅੰਦੋਲਨ, ਪਗੜੀ ਸੰਭਾਲ ਜੱਟਾ ਦੇ ਆਪ ਪ੍ਰਮੁੱਖ ਆਗੂ ਸਨ। ਸ੍ਰ. ਸਵਰਣ ਸਿੰਘ ਉਹ ਮਹਾਨ ਦੇਸ਼-ਭਗਤ ਹੈ, ਜੋ 23 ਸਾਲ ਦੀ ਉਮਰ ਵਿੱਚ ਜਾਮੇ ਸ਼ਹਾਦਤ ਪੀ ਕੇ ਕੁਰਬਾਨ ਹੋ ਜਾਂਦਾ ਹੈ। ਇਸੇ ਦੌਰਾਨ 1907 ਈ. ਵਿੱਚ ਜ਼ਿਲ੍ਹਾ ਲਾਇਲਪੁਰ ਸ੍ਰ. ਕਿਸ਼ਨ ਸਿੰਘ ਅਤੇ ਮਾਤਾ ਵਿਦਿਆਵਤੀ ਦੇ ਗ੍ਰਹਿ ਵਿਖੇ ਬਾਲਕ ਦਾ ਜਨਮ ਹੋਇਆ। ਉਸੇ ਦਿਨ ਪਿਤਾ ਕਿਸ਼ਨ ਸਿੰਘ, ਚਾਚਾ ਅਜੀਤ ਸਿੰਘ

ਅਤੇ ਚਾਚਾ ਸਵਰਣ ਸਿੰਘ ਦੀ ਰਿਹਾਈ ਹੋਈ। ਇਸ ਬਾਲਕ ਨੂੰ ਭਾਗਾਂ ਵਾਲਾ ਕਿਹਾ ਗਿਆ। ਇਹ ਭਾਗਾਂ ਵਾਲਾ ਹੀ ਸ਼ਹੀਦ ਭਗਤ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਇਆ। ਸ਼ਹੀਦ ਭਗਤ ਸਿੰਘ ਦਾ ਇੱਕ ਵੱਡਾ ਭਰਾ ਸੀ ਜਗਤ ਸਿੰਘ ਜੋ ਦਸ ਕੁ ਸਾਲ ਦੀ ਉਮਰ ਵਿੱਚ ਚੜ੍ਹਾਈ ਕਰ ਗਏ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਪਿਛੋਕੜ ਹੈ ਬੰਗੇ ਨੇੜੇ ਖਟਕਟ ਕਲਾਂ ਅਤੇ ਉਸ ਤੋਂ ਪਹਿਲਾਂ ਦਾ ਪਿਛੋਕੜ ਨਾਮਧਾਰੀ ਇਤਿਹਾਸ ਦਾ ਮਹੱਤਵਪੂਰਨ ਪਿੰਡ ਨਾਰਲੀ ਹੈ। ਜਿੱਥੋਂ ਦੇ ਬਾਬਾ ਬਘੇਲ ਸਿੰਘ ਸਨ ਅਤੇ ਅੰਮ੍ਰਿਤਸਰ ਸਾਕੇ ਦੇ ਮਹਾਨ ਸ਼ਹੀਦ ਬਾਬਾ ਬੀਹਲਾ ਸਿੰਘ ਜੀ ਵੀ ਨਾਰਲੀ ਦੇ ਸਨ। ਸਰਦਾਰ ਕਿਸ਼ਨ ਸਿੰਘ ਜਦੋਂ ਲਾਇਲਪੁਰ ਨਵੀਆਂ ਆਬਾਦ ਹੋਈਆਂ ਬਾਰਾਂ 'ਚ ਖੇਤੀ ਕਰ ਰਹੇ ਸਨ ਆਪ ਦੇ ਪਹਿਲੇ ਤਿੰਨ ਬੱਚੇ ਜਗਤ ਸਿੰਘ, ਭਗਤ ਸਿੰਘ ਅਤੇ ਬੀਬੀ ਅਮਰ ਕੌਰ ਦਾ ਜਨਮ ਚੱਕ ਨੰ: 105 ਦਾ ਹੈ। ਉਸ ਤੋਂ ਬਾਅਦ 6 ਬੱਚਿਆਂ ਦਾ ਜਨਮ ਖੁਆਸਰੇ ਜ਼ਿਲ੍ਹਾ ਲਾਹੌਰ ਵਿਖੇ ਹੋਇਆ ਸੀ। ਬਾਅਦ ਵਿੱਚ ਇਹ ਪਰਿਵਾਰ ਖੱਟਕਟ ਕਲਾਂ ਆ ਵੱਸਿਆ। ਸ਼ਹੀਦ ਭਗਤ ਸਿੰਘ ਅਜੇ ਤਿੰਨ ਕੁ ਸਾਲ ਦੇ ਹੀ ਸਨ ਕਿ ਆਪ ਦੇ ਚਾਚਾ ਸਵਰਨ ਸਿੰਘ ਸ਼ਹੀਦ ਹੁੰਦੇ ਨੇ। ਚਾਚਾ ਅਜੀਤ ਸਿੰਘ ਉਮਰ ਭਰ ਜੇਲ੍ਹਾਂ ਵਿੱਚ ਰਹਿੰਦੇ ਨੇ 15 ਅਗਸਤ 1947 ਨੂੰ ਦੇਸ਼ ਆਜ਼ਾਦੀ ਦਾ ਸੁਪਨਾ ਪੂਰਾ ਹੋਇਆ ਵੇਖ ਉਸੇ ਦਿਨ ਹੀ ਸਰਦਾਰ ਅਜੀਤ ਸਿੰਘ ਇਸ ਸੰਸਾਰ ਤੋਂ ਰੁਖ਼ਸਤ ਹੁੰਦੇ ਹਨ।

1919 ਇਸ ਵਿਚ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦੀ ਸਾਕੇ ਤੋਂ ਅਗਲੇ ਦਿਨ ਸਰਦਾਰ ਭਗਤ ਸਿੰਘ ਜੋ ਉਸੇ ਵੇਲੇ 12 ਵਰ੍ਹਿਆਂ ਦੇ ਸਨ ਅਤੇ ਡੀ.ਏ.ਵੀ. ਕਾਲਜ ਦੇ ਵਿਦਿਆਰਥੀ ਸਨ, ਸਕੂਲ ਜਾਣ ਦੀ ਜਗ੍ਹਾ ਅੰਮ੍ਰਿਤਸਰ ਜਾਂਦੇ ਹਨ ਅਤੇ ਸ਼ਹੀਦੀ ਸਾਕੇ ਵਾਲੀ ਜਗ੍ਹਾ ਤੋਂ ਸ਼ਹੀਦਾਂ ਦੇ ਲਹੂ ਨਾਲ ਲਾਲ ਹੋਈ ਮਿੱਟੀ ਇੱਕ ਕੱਚ ਦੀ ਡੱਬੀ ਵਿੱਚ ਪਾ ਕੇ ਲਿਆਉਂਦੇ ਹਨ ਅਤੇ ਬਰਤਾਨਵੀ ਸਾਮਰਾਜ ਦਾ ਤਖਤਾ ਪਲਟਣ ਦੀ ਕਸਮ ਖਾ ਕੇ ਘਰ ਆਉਂਦੇ ਹਨ। 1921 ਵਿੱਚ ਨੈਸ਼ਨਲ ਕਾਲਜ ਲਾਹੌਰ ਵਿੱਚ ਦਾਖਲ ਹੁੰਦੇ ਹਨ। ਇਸੇ ਵਰ੍ਹੇ ਹੀ ਆਪਣੇ ਪਿਤਾ ਸਰਦਾਰ ਕਿਸ਼ਨ ਸਿੰਘ ਨਾਲ ਮੁਠੱਡਾ ਕਲਾਂ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਏ ਸ਼ਹੀਦੀ ਸਮਾਗਮ ਵਿੱਚ ਸ਼ਾਮਲ ਹੁੰਦੇ ਹਨ। ਜੋ ਕਿ ਕਰੀਬ ਅੱਧੀ ਸਦੀ ਬਾਅਦ ਮਲੇਰਕੋਟਲੇ ਵਾਲੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਹੋਇਆ ਪਹਿਲਾ ਸ਼ਹੀਦੀ ਮੇਲਾ ਸੀ ਜਿਸ ਵਿੱਚ ਰਾਸ਼ਟਰੀ ਪੱਧਰ ਦੇ ਰਾਜ ਨੇਤਾ ਅਤੇ ਦੇਸ਼ ਭਗਤ ਸ਼ਾਮਲ ਹੋਏ ਸਨ। 1923 ਈ. ਵਿੱਚ ਆਪ ਘਰ ਪਰਿਵਾਰ ਦਾ ਤਿਆਗ ਕਰਕੇ ਪੂਰਨ ਤੌਰ ਤੇ ਦੇਸ਼ ਸੇਵਾ ਲਈ ਸਮਰਪਿਤ ਹੋ ਜਾਂਦੇ ਹਨ। ਵੱਖੋ-ਵੱਖ ਥਾਵਾਂ ਤੇ ਰਹਿੰਦਿਆਂ ਵੱਖੋ-ਵੱਖ ਨਾਵਾਂ ਹੇਠ ਲਿਖਦਿਆਂ ਆਜ਼ਾਦੀ ਸੰਗਰਾਮ ਨੂੰ ਪ੍ਰਚੰਡ ਕਰਨ ਲਈ ਭਰਪੂਰ ਯੋਗਦਾਨ ਪਾਉਂਦੇ ਹਨ। ਪ੍ਰਤਾਪ ਅਖ਼ਬਾਰ ਵਿੱਚ ਕੰਮ ਕਰਦਿਆਂ ਆਪ 'ਬਲਵੰਤ' ਨਾਮ ਹੇਠ ਲਿਖਦੇ ਹਨ। ਕਾਨਪੁਰ ਰਹਿੰਦਿਆਂ ਆਪ ਨੇ ਆਪਣਾ ਨਾਮ 'ਰਣਜੀਤ' ਰੱਖਿਆ। ਕਈ ਮੈਗਜ਼ੀਨਾਂ ਵਿੱਚ ਆਪ ਦੀਆਂ ਲਿਖਤਾਂ 'ਬੀ.ਐੱਸ.ਸੰਧੂ' ਦੇ ਨਾਮ ਹੇਠ ਲਿਖੀਆਂ ਮਿਲਦੀਆਂ ਹਨ। ਕਈ ਜਗ੍ਹਾ 'ਅਨਾਮ' ਕਵੀ ਕਰਕੇ ਵੀ ਆਪ ਦਾ ਨਾਮ ਆਉਂਦਾ ਹੈ। ਸਾਂਡਰਸ ਦੇ ਕਤਲ ਉਪਰੰਤ ਆਪ ਰੂਪੋਸ਼ ਹੋ ਜਾਂਦੇ ਹਨ। ਪਾਰਲੀਮੈਂਟ ਵਿੱਚ ਬੰਬ ਸੁੱਟ ਕੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦਿਆਂ ਗ੍ਰਿਫ਼ਤਾਰ ਹੁੰਦੇ ਹਨ। ਜਦੋਂ ਅਦਾਲਤ ਵਿੱਚ ਜੱਜ ਆਪ ਨੂੰ ਫਾਂਸੀ ਦੀ ਸਜ਼ਾ ਦਾ ਫੈਸਲਾ ਸੁਣਾਉਣ ਲੱਗਦਾ ਹੈ ਤਾਂ ਭਗਤ ਸਿੰਘ ਆਪਣੇ ਸਾਥੀਆਂ ਨਾਲ ਗੱਲਾਂ ਕਰਕੇ ਹੱਸ ਰਹੇ ਹਨ। ਜੱਜ ਗੁੱਸੇ ਹੁੰਦਾ ਹੈ ਕਿ ਤੂੰ ਹੱਸ ਰਿਹਾ ਹੈ ਇਹ ਅਦਾਲਤ ਦੀ ਤੌਹੀਨ ਹੈ। ਸਰਦਾਰ ਭਗਤ ਸਿੰਘ ਆਖਦੇ ਹਨ 'ਜੱਜ ਸਾਹਿਬ ਅੱਜ ਅਦਾਲਤ ਵਿੱਚ ਮੇਰਾ ਹਾਸਾ ਤੁਹਾਨੂੰ ਤੰਗ ਕਰ ਰਿਹਾ ਹੈ ਪਰ ਜਦੋਂ ਮੈਂ ਫਾਂਸੀ ਦੇ ਤਖ਼ਤੇ ਤੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਵਾਂਗਾ ਤਾਂ ਅੰਗਰੇਜ਼ ਹਕੂਮਤ ਦੀ ਉਸ ਤੌਹੀਣ ਨੂੰ ਕਿਵੇਂ ਜਰੋਗੇ।' ਅਖੀਰ 23 ਮਾਰਚ 1931 ਨੂੰ ਆਪ ਆਪਣੇ ਦੋ ਸਾਥੀਆਂ ਸੁਖਦੇਵ ਅਤੇ ਰਾਜਗੁਰੂ ਸਹਿਤ ਲਾਹੌਰ ਵਿਖੇ ਸ਼ਹੀਦ ਹੁੰਦੇ ਹਨ। ਆਪ ਦਾ ਦੇਸ਼ ਵਾਸੀਆਂ ਦੇ ਨਾਮ ਆਖਰੀ ਪੈਗ਼ਾਮ ਸੀ-

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ  
ਕਿਤੇ ਦਿਲਾਂ ਚੋਂ ਨਾ ਭੁਲਾ ਜਾਣਾ।  
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ  
ਸਾਨੂੰ ਵੇਖ ਕੇ ਨਾ ਘਬਰਾ ਜਾਣਾ।

ਸੱਚਮੁੱਚ ਅਜਿਹੇ ਅਣਖੀ ਸੂਰਬੀਰਾਂ ਦੀਆਂ ਕੁਰਬਾਨੀਆਂ ਸਦਕਾ ਹੀ ਕੌਮਾਂ ਜਿਉਂਦੀਆਂ ਹਨ। ਮਹਾਨ ਕਵੀ ਸਰਦਾਰ ਕਰਤਾਰ ਸਿੰਘ ਬਲੱਗਣ ਦੀਆਂ ਸਤਰਾਂ ਕਿੰਨੀਆਂ ਢੁੱਕਵੀਆਂ ਹਨ-

ਜਿਉਂਦੀਆਂ ਰਹਿੰਦੀਆਂ ਜੱਗ ਤੇ ਉਹ ਕੌਮਾਂ  
ਜਿਹੜੀ ਕੌਮ ਨੂੰ ਮਰਣ ਦਾ ਝੱਲ ਪੈ ਜਾਏ।  
ਆਖਰ ਪੈਂਦਾ ਏ ਮੁੱਲ ਕੁਰਬਾਨੀਆਂ ਦਾ  
ਭਾਵੇਂ ਅੱਜ ਪੈ ਜਾਏ ਭਾਵੇਂ ਕੱਲ ਪੈ ਜਾਏ।

**ਦੁਪਹਿਰ ਦੇ ਸਮਾਗਮ ਵਿੱਚ ਕਵੀਸ਼ਰ ਗੁਰਲਾਲ**

**ਸਿੰਘ, ਗੁਰਭਗਤ ਸਿੰਘ ਅਤੇ ਰਣਜੀਤ ਸਿੰਘ ਨੇ ਕਵੀ ਜੀਵਨ ਸਿੰਘ ਰਚਿਤ ਸ਼ਹੀਦ ਭਗਤ ਸਿੰਘ ਜੀ ਦਾ ਕਵੀਸ਼ਰੀ ਪ੍ਰਸੰਗ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਪੇਸ਼ ਕੀਤਾ।** ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ 'ਭਾਰਤ ਨੌਜਵਾਨ ਸਭਾ' ਦੇ ਕ੍ਰਾਂਤੀਕਾਰੀ ਇਰਾਦੇ ਕਵੀ ਜੀਵਨ ਸਿੰਘ ਜੀ ਬਹੁਤ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਲਿਖਦੇ ਹਨ। ਵੰਨਗੀ ਮਾਤਰ ਕੁਝ ਸਤਰਾਂ:

ਪਾ ਬਸਤ੍ਰ ਬੈਠ ਕਿਨਾਰੇ,
ਇਉਂ ਕਰਨ ਵਿਚਾਰਾਂ ਸਾਰੇ,
ਭਗਉਤੀ ਚਰਨ ਉਚਾਰੇ,
ਆਉ ਬੀੜਾ ਜਿੰਨੇ ਉਠਾਉਣਾ ਏ,
ਅਸਾਂ ਦੇਸ਼ ਆਜ਼ਾਦ ਕਰਵਾਉਣਾ ਹੈ।......
ਭਗਤ ਸਿੰਘ ਤੇ ਸਾਥੀ ਸਾਰੇ,
ਹੋ ਕੇ ਜਾਮੇਂ ਤੋਂ ਬਾਹਰੇ,
ਇੱਕੋ ਵਾਰ ਉੱਠੇ ਭਬਕਾਰੇ,
ਜੋ ਕਹੋ ਸੋ ਕਾਰ ਕਮਾਂਵਾਂਗੇ,
ਪਿੱਛੇ ਨਾ ਕਦਮ ਹਟਾਵਾਂਗੇ।

ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਵਸ ਦੇ ਸਬੰਧ ਵਿੱਚ ਉਨ੍ਹਾਂ ਦੀ ਮਹਾਨ ਕਰਨੀ ਅਤੇ ਫਲਸਫੇ ਦੇ ਸਬੰਧ ਵਿੱਚ **29 ਸਤੰਬਰ ਆਸਾ ਦੀ ਵਾਰ ਉਪਰੰਤ ਇਨ੍ਹਾਂ ਸਤਰਾਂ ਦੇ ਲੇਖਕ 'ਸੇਵਕ ਹਰਪਾਲ ਸਿੰਘ' ਨੇ ਕੁਝ ਸਮੇਂ ਲਈ ਆਪਣੇ ਵਿਚਾਰ ਪੇਸ਼ ਕੀਤੇ। ਸੰਖੇਪ ਸਾਰ ਹੈ–**

ਸਾਧ ਸੰਗਤ ਜੀ, ਕੱਲ੍ਹ ਆਪ ਨੇ ਸੰਤ ਨਿਸ਼ਾਨ ਸਿੰਘ ਜੀ ਪਾਸੋਂ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਮਹਾਨ ਸ਼ਹਾਦਤ ਬਾਰੇ ਵਿਸਥਾਰ ਸਹਿਤ ਸੁਣਿਆ ਸੀ। ਅੱਜ ਮੈਂ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਸ਼ਹੀਦਾਂ ਬਾਰੇ ਕੁਝ ਕੁ ਵਿਚਾਰ ਆਪ ਨਾਲ ਸਾਂਝੇ ਕਰਾਂਗਾ।

1857 ਈ. ਇਸ ਵਿੱਚ ਬਰਤਾਨਵੀ ਸਾਮਰਾਜ ਵਿਰੁੱਧ ਉੱਠੇ ਵਿਦਰੋਹ ਦੇ ਅਸਫਲ ਹੋਣ ਉਪਰੰਤ ਧਾਰਮਿਕ ਸਥਾਨਾਂ ਦੇ ਮਹੰਤਾਂ, ਸਰਦਾਰਾਂ, ਜਾਗੀਰਦਾਰਾਂ ਤੇ ਰਜਵਾੜਿਆਂ ਨੇ ਗੁਲਾਮੀ ਨੂੰ ਸ਼ਿੰਗਾਰ ਵਜੋਂ ਅਪਣਾ ਲਿਆ ਸੀ। ਉਹ ਅੰਗਰੇਜ਼ ਹਾਕਮਾਂ ਦੇ ਸੋਹਲੇ ਗਾਉਣ ਵਿੱਚ ਹੀ ਆਪਣੀ ਭਲਾਈ ਸਮਝਦੇ ਸਨ। ਗੁਲਾਮੀ ਆਮ ਲੋਕਾਂ ਦੀ ਮਜਬੂਰੀ ਬਣ ਚੁੱਕੀ ਸੀ। ਅਜਿਹੇ ਨਿਰਾਸ਼ਤਾ ਭਰੇ ਸਮੇਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਰਹਿਨਮਾਈ ਹੇਠ ਨਾਮਧਾਰੀ ਲਹਿਰ ਅਥਵਾ ਕੂਕਾ ਲਹਿਰ ਹੀ ਸੀ ਜਿਸ ਨੇ ਆਜ਼ਾਦੀ ਦੀ ਜੋਤ ਨੂੰ ਜਗਦੀ ਰੱਖਿਆ। ਬਹੁਮੁਖੀ ਆਜ਼ਾਦੀ ਸੰਗਰਾਮ ਆਰੰਭਿਆ ਨਵੀਆਂ ਪੈੜ੍ਹਾਂ ਪਾਈਆਂ। ਖਾਲਸੇ ਦੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਮੁੜ ਦੁਹਰਾਇਆ। ਪੂਰੀ ਅੱਧੀ ਸਦੀ (1857 ਤੋਂ 1907 ਈ. ਤੱਕ) ਭਾਰਤ ਵਿੱਚ ਇੱਕੋ-ਇੱਕ ਨਾਮਧਾਰੀ ਲਹਿਰ ਹੀ ਹੈ ਜਿਸ ਨੇ ਅੰਗਰੇਜ਼ ਹਾਕਮਾਂ ਨੂੰ ਵਖ਼ਤ ਪਾਈ ਰੱਖਿਆ। ਸਤਿਗੁਰੂ ਰਾਮ ਸਿੰਘ ਜੀ ਦੀਆਂ ਪਾਈਆਂ ਪੈੜਾਂ ਤੇ ਚੱਲਦਿਆਂ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਹੀ ਪੂਰੇ ਦੇਸ਼ ਭਰ ਵਿੱਚ ਵਿਦੇਸ਼ੀ ਸਰਕਾਰ ਵਿਰੁੱਧ ਵਿਦਰੋਹ ਉੱਠਣਾ ਸ਼ੁਰੂ ਹੋ ਗਿਆ। ਪੰਜਾਬ ਵਿੱਚੋਂ ਪਹਿਲੋਂ ਪਗੜੀ ਸੰਭਾਲ ਜੱਟਾ, ਕਿਸਾਨ ਅੰਦੋਲਨ, ਫੇਰ ਗ਼ਦਰ ਲਹਿਰ, ਅਕਾਲੀ ਲਹਿਰ, ਕਾਂਗਰਸ, ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਭਾਰਤ ਨੌਜਵਾਨ ਸਭਾ, ਬੱਬਰ ਲਹਿਰ ਅਤੇ ਆਜ਼ਾਦ ਹਿੰਦ ਫੌਜ ਆਦਿ ਅਨੇਕਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਭਾਰਤ ਆਜ਼ਾਦ ਹੋਇਆ।

**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਪ੍ਰਵਚਨਾਂ ਵਿੱਚ ਜਿੱਥੇ ਮਲੇਰਕੋਟਲੇ ਦੇ ਨਾਮਧਾਰੀ ਸਿੰਘਾਂ ਦੀ ਸ਼ਹੀਦੀ ਦਾ ਜ਼ਿਕਰ ਕਰਦੇ ਹਨ। ਉਥੇ ਆਪ ਜੀ ਸ਼ਹੀਦ ਵਰਿਆਮ ਸਿੰਘ ਅਤੇ ਸ਼ਹੀਦ ਬਿਸ਼ਨ ਸਿੰਘ ਦੀ ਸ਼ਹਾਦਤ ਬਾਰੇ ਬਚਨ ਕਰਦਿਆਂ ਸ਼ਹੀਦੀ ਜਥੇ ਦੇ ਮੁਖੀ ਸਰਦਾਰ ਹੀਰਾ ਸਿੰਘ ਅਤੇ ਸਰਦਾਰ ਲਹਿਣਾ ਸਿੰਘ ਬਾਰੇ ਫਰਮਾਉਂਦੇ ਹਨ।"ਸਰਦਾਰ ਹੀਰਾ ਸਿੰਘ ਤੋਪ ਦੇ ਸਾਹਮਣੇ ਖੜ੍ਹੇ ਹੋ ਕੇ ਆਖਦੇ: ਓਏ ਬਿੱਲਿਆ, (ਮੂੰਹ ਤੇ ਹੱਥ ਫੇਰ ਕੇ) ਆ ਦੇਖ ਕਿਸੇ ਮਾਈ ਦੀ ਕੁੱਖ ਤੋਂ ਜਨਮ ਲੈ ਕੇ ਫੇਰ ਆਵਾਂਗੇ, ਜਿੰਨ੍ਹਾਂ ਚਿਰ ਤੁਹਾਨੂੰ (ਦੇਸ਼ ਚੋਂ) ਕੱਢ ਨਹੀਂ ਲੈਂਦੇ ਅਸੀਂ ਨਹੀਂ ਜਾਂਦੇ। ਅਸੀਂ ਤਾਂ ਮੰਨਦੇ ਹਾਂ ਕਿ ਕਨੇਡਾ ਵਾਲੇ ਵੀ ਉਹੋ ਸੀ, ਸਰਾਭੇ ਵਾਲਾ ਮੁੰਡਾ ਕਰਤਾਰ ਸਿੰਘ ਮੈਂ ਉਸ ਨੂੰ ਚੰਗੀ ਤਰ੍ਹਾਂ ਵੇਖਿਆ ਹੈ, ਭਗਤ ਸਿੰਘ ਵੀ, ਅਸੀਂ ਨਹੀਂ ਇਨ੍ਹਾਂ ਨੂੰ ਦੂਸਰੇ ਮੰਨਦੇ। ਜਿਸ ਤਰ੍ਹਾਂ 'ਆਦਿ ਅੰਤਿ ਏਕੈ ਅਵਤਾਰਾ' ਇਹ ਵੀ ਉਨ੍ਹਾਂ (ਸ਼ਹੀਦਾਂ) ਦੀਆਂ ਰੂਹਾਂ ਹੀ ਹਨ ਜਿਨ੍ਹਾਂ ਦਾ ਕੰਮ ਹੀ ਹੈ ਕਿ ਦੁਨੀਆਂ ਵਿੱਚ ਬੁਰੇ ਕੰਮ ਨੂੰ ਬੰਦ ਕਰਨਾ। ਭਾਵੇਂ ਉਹ ਕਿਸੇ ਰੂਪ ਵਿੱਚ ਹੋ ਕੇ ਆਉਣ।"**

ਇਸ ਤਰ੍ਹਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਾਵਨ ਪ੍ਰਵਚਨਾਂ ਵਿੱਚ ਸ਼ਹੀਦ ਭਗਤ ਸਿੰਘ, ਸਰਦਾਰ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਊਧਮ ਸਿੰਘ ਵਰਗੇ ਸ਼ਹੀਦਾਂ ਨੂੰ ਉਨ੍ਹਾਂ ਨਾਮਧਾਰੀ ਸ਼ਹੀਦਾਂ ਦੀਆਂ ਰੂਹਾਂ ਕਹਿ ਕੇ ਹੀ ਵਡਿਆਇਆ ਹੈ। ਇਸੇ ਲਈ ਜਿੱਥੇ ਅਸੀਂ

ਨਾਮਧਾਰੀ ਸ਼ਹੀਦੀ ਸਾਕਿਆਂ ਦੇ ਮੇਲੇ ਮਨਾਉਂਦੇ ਹਾਂ ਉੱਥੇ ਇਨ੍ਹਾਂ ਮਹਾਨ ਸੂਰਬੀਰਾਂ ਨੂੰ ਵੀ ਯਾਦ ਕਰਦੇ ਅਤੇ ਨਤਮਸਤਕ ਹੁੰਦੇ ਹਾਂ। ਜਿਵੇਂ ਪਿੱਛੇ ਜਿਹੇ ਹੋਲੇ-ਮਹੱਲੇ ਸਮੇਂ ਬਾਬਾ ਸੋਹਨ ਸਿੰਘ ਭਕਨਾ ਜੀ ਦੀ ਜਨਮ ਸ਼ਤਾਬਦੀ ਸਮੇਂ ਏਸੇ ਹਾਲ ਵਿੱਚ ਹੀ ਇੱਕ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ ਸੀ।

ਸ਼ਹੀਦ ਭਗਤ ਸਿੰਘ ਜਿੱਥੇ ਮਹਾਨ ਕ੍ਰਾਂਤੀਕਾਰੀ ਸਨ ਉੱਥੇ ਉਹ ਉੱਘੇ ਚਿੰਤਕ ਅਤੇ ਦਾਰਸ਼ਨਿਕ ਵੀ ਸਨ। ਕੇਵਲ 23 ਵਰ੍ਹਿਆਂ ਦੀ ਉਮਰ ਤੱਕ ਦੁਨੀਆਂ ਭਰ ਦਾ ਚੋਣਵਾਂ ਸਾਹਿਤ ਪੜ੍ਹ ਚੁੱਕੇ ਸਨ। ਵੱਖ-ਵੱਖ ਕਈ ਮੈਗਜ਼ੀਨਾਂ ਵਿੱਚ ਲੇਖ ਅਤੇ ਉਨ੍ਹਾਂ ਦੀਆਂ ਨਿੱਜੀ ਡਾਇਰੀਆਂ ਉਨ੍ਹਾਂ ਦੇ ਕ੍ਰਾਂਤੀਕਾਰੀ ਵਿਚਾਰਾਂ ਦੀ ਤਰਜਮਾਨੀ ਕਰਦੀਆਂ ਹਨ। ਆਪ ਨੇ ਨਾਮਧਾਰੀ ਇਤਿਹਾਸ ਦਾ ਵੀ ਡੂੰਘਾ ਅਧਿਐਨ ਕੀਤਾ ਅਤੇ ਵੱਖ-ਵੱਖ ਲੇਖਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਅਤੇ ਨਾਮਧਾਰੀ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਵਿਸਥਾਰ ਸਹਿਤ ਲਿਖਿਆ। **ਦਿੱਲੀਓਂ ਛਪਦੇ ਮਾਸਿਕ 'ਮਹਾਂਰਥੀ' ਹਿੰਦੀ ਦੇ ਪਰਚੇ ਦੇ ਫਰਵਰੀ-ਮਾਰਚ ਦੇ ਅੰਕਾਂ ਵਿੱਚ ਨਾਮਧਾਰੀ ਇਤਿਹਾਸ ਬਾਰੇ 'ਪੰਜਾਬ ਮੇਂ ਵਿਰਾਟ ਵਿਪਲਵ ਕਾ ਪ੍ਰਥਮ ਆਯੋਜਨ: ਕੂਕਾ ਵਿਦਰੋਹ ਕਾ ਇਤਿਹਾਸ' ਦੋ ਕਿਸ਼ਤਾਂ ਵਿੱਚ ਬੀ.ਐੱਸ. ਸਿੱਧੂ ਦੇ ਨਾਮ ਤੇ ਆਪ ਨੇ ਲਿਖਿਆ। ਇਸ ਮੈਗਜ਼ੀਨ ਦੇ ਸੰਪਾਦਕ ਨੂੰ ਪੱਤਰ ਵਿੱਚ ਆਪ ਲਿਖਦੇ ਹਨ:**

**ਸ੍ਰੀ ਮਾਨ ਮਹੋਦਯ ! ਸਾਦਰ ਵੰਦੇ !**

**ਆਪ ਕਾ 19.3.28 ਕਾ ਕ੍ਰਿਪਾ-ਪੱਤਰ ਤਥਾ ਮਹਾਂਰਥੀ ਕੇ ਫਰਵਰੀ ਅੰਕ ਕੀ ਏਕ ਪ੍ਰਤੀ ਯਥਾ ਸਮਯ ਪਰ ਮਿਲ ਗਈ ਥੀ, ਇਸ ਕੇ ਲੀਏ ਹਾਰਦਿਕ ਧੰਨਯਵਾਦ ਸਵੀਕਾਰ ਕੀਜੀਏ।**

**ਆਪਨੇ ਗੁਰੂ ਰਾਮ ਸਿੰਘ ਜੀ ਕੇ ਤਿਰੰਗੇ ਚਿੱਤਰ ਕਾ ਬਲਾਕ ਬਨਾਯਾ ਅਥਵਾ ਨਹੀਂ, ਯਹੀ ਮੈਂ ਨਹੀਂ ਜਾਨ ਸਕਾ। ਕਮ ਸੇ ਕਮ ਚਿੱਤਰ ਤੋ ਅਭੀ ਤੱਕ ਆਪ ਨੇ ਪ੍ਰਕਾਸ਼ਿਤ ਨਹੀਂ ਕੀਆ। ਮੈਂ ਸਮਝਤਾ ਹੂੰ ਕਿ ਚਿੱਤਰ ਕੇ ਬਿਨਾਂ ਇਨ ਲੇਖੋਂ ਕਾ ਬਹੁਤ ਕੁਛ ਸੌਂਦਰਯ ਕਮ ਹੋ ਜਾਤਾ ਹੈ। ਸ਼ੇਸ਼ ਲੇਖ ਭੀ ਜੋ ਕਿ ਮੈਂ ਸ਼ੀਘਰ ਹੀ ਆਪ ਕੀ ਸੇਵਾ ਮੇਂ ਭੇਜੂੰਗਾਂ, ਸਚਿੱਤਰ ਹੀ ਛਪਨੇ ਚਾਹੀਏ। ਆਜ ਗੁਰੂ ਰਾਮ ਸਿੰਘ ਜੀ ਕਾ ਏਕ ਔਰ ਚਿੱਤਰ ਭੇਜ ਰਹਾ ਹੂੰ। ਏਕ ਮਹਾਸ਼ਯ ਕਹ ਰਹੇ ਥੇ ਕਿ ਬਲਾਕ ਉਨਕੇ ਪਾਸ ਹੈ, ਯਦੀ ਆਪ ਚਾਹੇਂ ਤੋਂ ਵੋ ਹੀ ਛਪਵਾ ਕਰ ਭੇਜ ਸਕਤੇ ਹੈਂ।...... ਲੇਖ ਤੋਂ ਲਿਖੇ ਰਖੇ ਥੇ। ਪਰੰਤੂ ਯਹਾਂ ਪਰ ਰਾਸ਼ਟਰੀਯ ਸਪਤਾਹ ਸੇਂ ਸ਼ਹੀਦੀ ਦਿਵਸ ਮਨਾਨੇ ਕਾ ਪ੍ਰਬੰਧ ਕੀਆ ਜਾ ਰਹਾ ਹੈ, ਇਸ ਲੀਏ ਲੇਖ ਨਾ ਭੇਜ ਸਕੂੰ ਤੋ ਕ੍ਰਿਪਾ ਕਸ਼ਮਾ ਕੀਜੀਏਗਾ, ਹੋ ਸਕੇ ਤੋਂ ਪਹਿਲਾ ਲੇਖ ਏਕ ਸਪਤਾਹ (ਮੇਂ) ਭੇਜ ਦੂੰਗਾ।.........**

ਇਸ ਤਰ੍ਹਾਂ ਏਸੇ ਮੈਗਜ਼ੀਨ ਵਿੱਚ ਜਿਸ ਲੇਖ ਬਾਰੇ ਸ਼ਹੀਦ ਭਗਤ ਸਿੰਘ ਜੀ ਸੰਪਾਦਕ ਨੂੰ ਲਿਖ ਰਹੇ ਹਨ ਉਸੇ ਦੋ ਕਿਸ਼ਤਾਂ ਵਿੱਚ ਛਪੇ ਲੇਖ 'ਚੋਂ ਕੁਝ ਅੰਸ਼ ਸੰਗਤਾਂ ਦੇ ਦ੍ਰਿਸ਼ਟੀ ਗੋਚਰ ਹਨ:

**"ਸਿੱਖੋਂ ਮੇਂ ਏਕ ਉੱਪ-ਸੰਪਰਦਾਯ ਹੈ, ਜੋ 'ਨਾਮਧਾਰੀ ਜਾਂ ਕੂਕਾ' ਕਹਲਾਤਾ ਹੈ, ਆਜ ਵਹ ਏਕ ਧਾਰਮਿਕ ਸੰਪਰਦਾਯ ਦੀਖ ਪੜਤਾ ਹੈ, ਪਰੰਤੂ ਉਸ ਕੇ ਸੰਸਥਾਪਕ ਸ੍ਰੀ ਗੁਰੂ ਰਾਮ ਸਿੰਘ ਜੀ ਏਕ ਕੱਟਰ ਵਿਪਲਵੀ ਥੇ।... ਕੂਕਾ ਅੰਦੋਲਨ ਕਾ ਇਤਿਹਾਸ, ਆਜ ਤੱਕ ਲੋਗੋਂ ਕੇ ਸਾਮ੍ਹਣੇ ਨਹੀਂ ਆਇਆ, ਕਿਸੀ ਨੇ ਉਨਹੇਂ ਮਹੱਤਵਪੂਰਨ ਨਹੀਂ ਸਮਝਾ।...... ਸਵਾਰਥ ਕੇ ਲੀਏ ਅਥਵਾ ਲੋਭ ਕੇ ਲੀਏ ਉਨ ਲੋਗੋ ਨੇ ਪ੍ਰਾਣ ਦੀਏ ਹੋਤੇ ਤੋ ਹਮ ਉਪੇਕਸ਼ਾ ਦਿਖਾ ਸਕਤੇ ਥੇ, ਪਰੰਤੂ ਉਨ ਕੀ ਤੋ ਮੂਰਖਤਾ ਮੇਂ ਭੀ ਦੇਸ਼ ਪ੍ਰੇਮ ਕਾ ਭਾਵ ਕੂਟ-ਕੂਟ ਕਰ ਭਰਾ ਹੂਆ ਥਾ।.... ਕਿਆ ਵੇ ਭੂਲ ਜਾਨੇ ਯੋਗਯ ਹੈ? ਉਨਕਾ ਗੁਰੂਤਵ ਅਪਰਾਧ ਸ਼ਾਯਦ ਵਿਫਲਤਾ ਕੇ ਅਤਿਰਿਕਤ ਕੁਛ ਭੀ ਨਹੀਂ। ਪਰੰਤੂ ਸਕਾਚ ਵਿਲੀਅਮ ਵਾਲਿਸ ਭੀ ਤੋ ਵਿਫਲ ਹੋ ਕਰ ਮਰਿਤੂ ਦੰਡ ਕਾ ਭਾਗੀ ਬਨਾ ਥਾ। ਉਸ ਕੀ ਤੋ ਆਜ ਸਮਸਤ ਇੰਗਲੈਂਡ ਪੂਜਾ ਕਰਤਾ ਹੈ। ਫਿਰ ਹਮਾਰੇ ਅਸਫਲ ਦੇਸ਼ ਭਗਤ ਹੀ ਇਸ ਤਰਹ ਕਿਉਂ ਭੁਲਾ ਕਰ ਨਿਬਿੰਡ ਅੰਧਕਾਰ ਮੇਂ ਫੈਂਕ ਦੀਏ ਜਾਂਏਂ।"**

ਇਸ ਵਿਸਤ੍ਰਿਤ ਲੇਖ ਨੂੰ ਸ੍ਰ. ਭਗਤ ਸਿੰਘ ਜੀ ਤਿੰਨਾਂ ਭਾਗਾਂ ਵਿੱਚ ਵੰਡਦੇ ਹਨ-

**'1. ਗੁਰੂ ਜੀ ਕਾ ਵਿਅਕਤੀਤਵ ਚਰਿੱਤ੍ਰ**

**2. ਕੂਕਾ ਅੰਦੋਲਨ**

**3. ਵਿਦਰੋਹ ਕੇ ਬਾਅਦ'**

ਅੱਗੇ ਕੂਕਾ ਅੰਦੋਲਨ ਦੇ ਨਾਮਿਲਵਰਤਨ ਅੰਦੋਲਨ ਬਾਰੇ ਆਪ ਲਿਖਦੇ ਹਨ।

**"ਉਨਹੋਂ ਨੇ ਉਸ ਸਮਯ ਉਸੀ ਅ-ਸਹਿਯੋਗ ਕਾ ਪ੍ਰਚਾਰ ਕੀਆ ਜੋ 1920 ਮੇਂ ਮਹਾਤਮਾ ਗਾਂਧੀ ਜੀ ਨੇ ਕੀਆ। ਉਨ ਕਾ ਅ-ਸਹਿਯੋਗ ਮਹਾਤਮਾ ਗਾਂਧੀ ਜੀ ਕੇ ਅ-ਸਹਿਯੋਗ ਸੇ ਭੀ ਕਈ ਬਾਤੋਂ ਮੇਂ ਬੜ-ਚੜ ਕਰ ਥਾ।**

ਅਦਾਲਤੋਂ ਕਾ ਬਹਿਸ਼ਕਾਰ, ਅਪਨੀ ਪੰਚਾਇਤੋਂ ਕੇ ਸੰਸਥਾਪਨ, ਸਰਕਾਰੀ ਸ਼ਿਕਸ਼ਾ ਕੇ ਬਹਿਸ਼ਕਾਰ, ਵਿਦੇਸ਼ੀ ਸਰਕਾਰ ਕੇ ਪੂਰਨ ਬਹਿਸ਼ਕਾਰ ਕੇ ਸਾਥ ਹੀ ਰੇਲ, ਤਾਰ ਤਥਾ ਡਾਕ ਕੇ ਬਹਿਸ਼ਕਾਰ ਕਾ ਪ੍ਰਚਾਰ ਭੀ ਹੂਆ। ਉਸ ਸਮਯ ਦੇਸ਼ ਆਜ ਕੀ ਤਰਹ ਨਿਰਜੀਵ ਹੋ ਕਰ ਇਨ ਵਸਤੂਓਂ ਪਰ ਇਤਨਾ ਨਿਰਭਰ ਹੋ ਗਯਾ ਥਾ ਕਿ ਇਨਕੇ ਬਹਿਸ਼ਕਾਰ ਕੀ ਕਲਪਨਾ ਭੀ ਨਾ ਕਰ ਪਾਤਾ। ਪਰੰਤੂ ਉਨਹੋਂ ਨੇ ਡਾਕ ਕਾ ਪਰਬੰਧ ਇਤਨਾ ਅੱਛਾ ਕਰ ਲੀਆ ਥਾ ਕਿ ਉਨਕੀ ਡਾਕ, ਸਰਕਾਰੀ ਡਾਕ ਸੇ ਭੀ ਜਲਦੀ ਪਹੁੰਚ ਜਾਤੀ ਥੀ। ਇਸ ਸਭ ਕੇ ਸਾਥ ਸਾਦਾ ਵੇਸ਼ ਤਥਾ ਸਵਦੇਸ਼ੀ ਵਸਤਰ ਪਹਿਨਨੇ ਕਾ ਜ਼ੋਰ ਸੇ ਉਪਦੇਸ਼ ਹੋਤਾ ਥਾ। ਪ੍ਰਚਾਰ ਕਾਰਯ ਬਹੁਤ ਦਿਨੋਂ ਤੱਕ ਨਾ ਹੋਨੇ ਪਾਯਾ ਥਾ ਕਿ ਸਰਕਾਰ ਕੀ ਤੀਵਰ ਦ੍ਰਿਸ਼ਟੀ ਇਸ ਅੰਦੋਲਨ ਪਰ ਪੜੀ। ਉਨਹੋਂ ਇਸ ਪ੍ਰਚੰਡ ਅੰਦੋਲਨ ਕੋ ਦਬਾ ਦੇਨੇ ਕੀ ਚਿੰਤਾ ਹੂਈ।"

ਇਸਤੋਂ ਅੱਗੇ 1863 ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦੀ ਅਤੇ ਸੂਬਿਆਂ ਦੀ ਸਥਾਪਨਾ ਦਾ ਜਿਕਰ ਕਰਨ ਉਪਰੰਤ ਆਪ ਸਤਿਗੁਰੂ ਰਾਮ ਸਿੰਘ ਦੀ ਅਦੁੱਤੀ ਸਖਸ਼ੀਅਤ ਬਾਰੇ ਲਿਖਦੇ ਹਨ:

"ਗੁਰੂ ਰਾਮ ਸਿੰਘ ਬੜੇ ਤੇਜੱਸਵੀ ਤਥਾ ਪ੍ਰਭਾਵਸ਼ਾਲੀ ਵਿਅਕਤੀ ਥੇ। ਉਨਕੇ ਅਸਾਧਾਰਨ ਆਤਮਿਕ ਬਲ ਸਬੰਧੀ ਬਹੁਤ ਸੀ ਬਾਤੇਂ ਪ੍ਰਸਿੱਧ ਹੈਂ। ਕਹਿਤੇ ਹੈ ਕਿ ਵੇ ਜਿਸਕੇ ਕਾਨ ਮੇਂ ਦੀਕਸ਼ਾ ਕਾ ਮੰਤਰ ਫੂਕ ਦੇਤੇ ਥੇ ਵਹ ਉਨਕਾ ਪਰਮ ਭਗਤ ਤਥਾ ਸ਼ਿਸ਼ਯ ਹੋ ਜਾਤਾ ਥਾ। – ਜਬ ਯਹ ਬਾਤ ਜਰਾ ਪ੍ਰਸਿਧ ਹੁਈ ਤੋ ਦੋ ਬਦਮਾਸ਼ ਰੰਗਰੇਜ਼ ਉਨਕੇ ਪਾਸ ਉਨਕੀ ਸ਼ਕਤੀ ਕੀ ਪਰੀਕਸ਼ਾ ਲੇਨੇ ਗਏ। ਉਨਹੋਂ ਨੇ ਕਹਾ, ਦੇਖੇਂਗੇ, ਗੁਰੂ ਜੀ ਕਾ ਹਮ ਪਰ ਕਿਆ ਪ੍ਰਭਾਵ ਪੜਤਾ ਹੈ? ਪਰੰਤੂ ਦੀਕਸ਼ਾ ਕੇ ਬਾਅਦ ਸੇ ਵੇ ਉਨਕੇ ਕੱਟੜ ਭਗਤ ਬਨ ਗਏ (ਭਾਈ ਪਰਮਾਨੰਦ ਕੇ ਏਕ ਲੇਖ ਕੇ ਆਧਾਰ ਪਰ) ਔਰ ਤਬ ਸੇ ਉਨਕੇ ਵਿਅਕਤੀਗਤ ਦੋਸ਼ ਭੀ ਮਿਟ ਗਏ। ਇਸੀ ਤਰਹ ਡਾ. ਗੋਕਲ ਚੰਦ ਜੀ ਪੀ.ਐਚ.ਡੀ. ਏਕ ਲੇਖ ਮੇਂ ਲਿਖਤੇ ਹੈਂ ਕਿ ਉਨਕੀ ਦਾਦੀ ਕਾ ਭਾਈ ਏਕ ਬੜਾ ਚਰਿਤ੍ਰਹੀਣ ਵਿਅਕਤੀ ਥਾ ਔਰ ਉਸੇ ਹੁੱਕੇ ਕਾ ਵਯਸਨ ਥਾ। ਕੇਵਲ ਏਕ ਬਾਰ ਹੀ ਗੁਰੂ ਜੀ ਕੇ ਦਰਸ਼ਨੋਂ ਨੇ ਉਸਕਾ ਜੀਵਨ ਏਕ ਦਮ ਪਰਿਵਰਤਿਤ ਕਰ ਦੀਆ। ਉਨਕਾ ਹੁੱਕਾ ਤੋ ਏਕ ਦਮ ਛੂਟ ਗਇਆ ਔਰ ਸ਼ੇਸ਼ ਸਮਸਤ ਜੀਵਨ ਈਸ਼ਵਰੋਪਾਸਨਾ ਮੇਂ ਹੀ ਬੀਤਾ।

ਇਸੀ ਤਰਹ ਏਕ ਮਨੁਸ਼ਯ ਜਿਸਨੇ ਕਿ ਕਭੀ ਕੋਈ ਹੱਤਿਆ ਕੀ ਥੀ ਵਹ ਭੀ ਗੁਰੂ ਜੀ ਸੇ ਦੀਕਸ਼ਿਤ ਹੁਆ। ਫਿਰ ਉਸਨੇ ਅਪਨੇ ਆਪ ਕੋ ਕੋਰਟ ਮੇਂ ਪੇਸ਼ ਕਰ ਦੀਆ ਔਰ ਅਪਨਾ ਅਪਰਾਧ ਸਵੀਕਾਰ ਕਰ ਲੀਆ। ਜਬ ਜੱਜ ਨੇ ਅਤਿਅੰਤ ਆਸ਼ਚਰਯ ਕੇ ਸਾਥ ਪੂਛਾ– "ਤੁਮੇਂ ਤੋ ਕੋਈ ਜਾਨਤਾ ਭੀ ਨਹੀਂ ਥਾ, ਔਰ ਹਤਿਆ ਸਬੰਧੀ ਬਾਤ ਕਾ ਤੁਮ ਪਰ ਸੰਦੇਸ਼ ਭੀ ਨਾ ਥਾ, ਫਿਰ ਤੁਮਨੇ ਏਕਾ ਏਕ ਅਪਰਾਧ ਸਵੀਕਾਰ ਕਰ ਮਰਿਤੂ ਕਾ ਆਵਾਹਨ ਕਿਉਂ ਕੀਆ? ਤੋ ਉਸਨੇ ਕਹਾ– "ਮੇਰੇ ਗੁਰੂ ਜੀ ਕੀ ਐਸੀ ਹੀ ਆਗਿਆ ਹੈ।"

ਸਰਕਾਰ ਨੇ ਭੀ ਪਰੀਕਸ਼ਾ ਕਰਨੀ ਚਾਹੀ। ਏਕ ਸਬ–ਇਨਸਪੈਕਟਰ ਕੋ ਭੇਜਾ। ਵਹ ਭੀ ਪ੍ਰਸੰਨ ਥਾ। ਉਸੇ ਆਸ਼ਾ ਥੀ ਕਿ ਸਭ ਭੇਦ ਖੋਲ ਕਰ ਕੁਛ ਪੁਰਸਕਾਰ ਪਾਏਗਾ। ਗੁਰੂ ਜੀ ਕੇ ਦਰਸ਼ਨ ਕੀਏ, ਲੌਟ ਆਇਆ। ਲੌਟਤੇ ਹੀ ਤਿਆਗ ਪੱਤਰ ਦੇ ਦੀਆ। ਅਫਸਰੋਂ ਨੇ ਪੂਛਾ "ਰਾਮ ਸਿੰਘ ਕਿਆ ਕਹਤਾ ਹੈ? (ਉਸਨੇ) ਕਹਾ "ਬਤਾਨੇ ਕੀ ਆਗਿਆ ਨਹੀਂ। ਪੂਛਾ ਗਯਾ, ਤਿਆਗ ਪੱਤਰ ਕਿਉਂ ਦੇਤੇ ਹੋ? ਉਤਰ ਦੀਆ "ਗੁਰੂ ਜੀ ਕੀ ਯਹੀ ਆਗਿਆ। ਵੇ ਕਹਤੇ ਹੈਂ, ਵਿਦੇਸ਼ੀ ਸ਼ਾਸਕੋਂ ਕੀ ਨੌਕਰੀ ਮਤ ਕਰੋ। ਐਸੀ ਅਨੇਕ ਸੀ ਘਟਨਾਏ ਹੈਂ, ਜੋ ਭੀ ਹੋ, ਇਤਨਾਂ ਤੋ ਮਾਨਣਾ ਹੀ ਪੜੇਗਾ ਕਿ ਗੁਰੂ ਜੀ ਈਸ਼ਵਰ ਭਗਤੀ ਤਥਾ ਉਚ–ਚਰਿਤ੍ਰ ਕੇ ਕਾਰਨ ਏਕ ਮਹਾਨ ਸ਼ਕਤੀਸ਼ਾਲੀ ਮਹਾਂ–ਪੁਰਸ਼ ਥੇ।

ਇਸ ਤੋਂ ਅੱਗੇ ਸ਼ਹੀਦ ਭਗਤ ਸਿੰਘ ਜੀ ਇਸ ਲੇਖ ਵਿੱਚ ਮਲੇਰਕੋਟਲੇ ਸ਼ਹੀਦੀ ਸਾਕੇ ਦਾ ਦਸਤਾਵੇਜ਼ਾਂ ਤੇ ਆਧਾਰਿਤ ਵਿਸਥਾਰ ਸਹਿਤ ਜਿਕਰ ਕਰਨ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਦੀ ਘਟਨਾ ਲਿਖਦੇ ਹਨ–ਅਤੇ 1923 ਤੱਕ ਸ੍ਰੀ ਭੈਣੀ ਸਾਹਿਬ ਪੁਲੀਸ ਚੌਂਕੀ ਦਾ ਜਿਕਰ ਕਰਨ ਉਪਰੰਤ ਲਿਖਦੇ ਹਨ: **ਗੁਰੂ ਰਾਮ ਸਿੰਘ ਜੀ ਬਰਮਾਂ ਮੇ ਹੀ ਨਜ਼ਰਬੰਦ ਰਹੇ, ਡਿਸਟਰਿਕ ਗਜ਼ਟੀਅਰ ਮੇਂ ਲਿਖਾ ਹੈ– Finally he died in Burma in 1885. ਪਰੰਤੂ 1920 ਸੇ ਡਸਕਾ ਨਿਵਾਸੀ ਸ੍ਰੀ ਆਲਮ ਸਿੰਘ ਇੰਜੀਨੀਅਰ ਨੇ ਏਕ ਲੇਖ ਦੁਆਰਾ ਉਪਰੋਕਤ ਬਾਤ ਕਾ ਖੰਡਨ ਕੀਆ ਥਾ। ਉਨਹੋਨੇ ਲਿਖਾ ਥਾ ਕਿ ਵੇ ਦੋ ਔਰ ਸਾਥੀਓ ਸਹਿਤ Lower Burma ਕੀ ਕਿਸੀ ਪੋਰਟ ਸੇ ਲਾਸਟ ਦੀਪ ਜਾ ਰਹੇ ਥੇ। ਉਸ ਪੋਰਟ ਕਾ ਨਾਮ ਮੋਲਮੀਨ**

**ਥਾ। ਵਹਾਂ ਪਰ ਏਕ ਬੜੇ ਤੇਜੱਸਵੀ ਵਿਅਕਤੀ ਕੋ ਪੁਲੀਸ ਕੀ ਨਿਗਰਾਨੀ ਮੇਂ ਸੈਰ ਕਰਤੇ ਦੇਖ ਕਰ ਉਨਕੇ ਸਬੰਧ ਮੇਂ ਪੁਸ਼ਤਾਸ਼ ਕਰਨੇ ਪਰ ਮਾਲੂਮ ਹੂਆ ਕਿ ਯਹ ਪੰਜਾਬ ਕੇ ਰਾਜਾ ਹੈ। ਵਹ ਸਮਝੇ ਸ਼ਾਇਦ ਮਹਾਰਾਜਾ ਦਲੀਪ ਸਿੰਘ ਹੋ। ਪਰੰਤ ਬਾਦ ਕੋ ਮਾਲੂਮ ਹੂਆ ਵਹ ਕੂਕਾ-ਗੁਰੂ ਰਾਮ ਸਿੰਘ ਜੀ ਹੈ। ਖ਼ੈਰ! ਸਰਕਾਰ ਨੇ ਇਸ ਲੇਖ ਕਾ ਕਭੀ ਪ੍ਰਤੀਵਾਦ ਭੀ ਨਹੀਂ ਕੀਆ। ਕੂਕਾ ਲੋਗੋਂ ਕਾ ਵਿਸਵਾਸ਼ ਹੈ ਕਿ ਵੇ ਅਭੀ ਜੀਵਿਤ ਹੈ।**

ਸ਼ਹੀਦ ਭਗਤ ਸਿੰਘ ਜੀ ਏਸੇ ਲੇਖ ਦੇ ਆਰੰਭ ਵਿੱਚ ਸਤਿਗੁਰੂ ਰਾਮ ਸਿੰਘ ਜੀ ਬਾਰੇ ਇਕ ਹੋਰ ਬੜੀ ਮਹੱਤਵ ਪੂਰਨ ਗੱਲ ਲਿਖਦੇ ਹਨ।

**"ਕਹਤੇ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਭੀ ਕਹਾ ਥਾ ਕਿ 'ਮੈਂ ਬਾਰਵੇਂ ਵੇਸ਼ ਮੇਂ ਰਾਮ ਸਿੰਘ ਕੇ ਨਾਮ ਸੇ ਪ੍ਰਸਿੱਧ ਅਥਵਾ ਪ੍ਰਗਟ ਹੋਊਗਾ। ਇਸ ਲੀਏ ਉਨਕੇ ਅਨੁਯਾਈ ਉਨ੍ਹੇਂ ਉਨਹੀ ਦਸ ਗੁਰੂਓਂ ਕਾ ਅਵਤਾਰ ਮਾਨਤੇ ਹੈ।**

ਇਸ ਤਰ੍ਹਾਂ ਸ਼ਹੀਦ ਭਗਤ ਸਿੰਘ ਨਾਮਧਾਰੀ ਲਹਿਰ ਅਤੇ ਸਤਿਗੁਰੂ ਰਾਮ ਸਿੰਘ ਜੀ ਤੋਂ ਏਨੇ ਪ੍ਰਭਵਿਤ ਸਨ ਕਿ ਏਨਾਂ ਦੋ ਲੇਖਾ ਤੋਂ ਬਿਨਾਂ ਕਿਰਤੀ ਰਸਾਲੇ ਵਿਚ ਅਤੇ ਹੋਰ ਵੀ ਕਈ ਜਗ੍ਹਾ ਆਪ ਕੂਕਾ ਅੰਦੋਲਨ ਦਾ ਜਿਕਰ ਕਰਦੇ ਹਨ।

ਆਪ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਪ੍ਰੇਰਣਾਂ ਸ੍ਰੋਤ ਅਤੇ ਰੋਲ ਮਾਡਲ ਮੰਨਦੇ ਹਨ। ਕਰਤਾਰ ਸਿੰਘ ਸਰਾਭਾ ਅਮਰੀਕਾ ਤੋਂ ਜਦੋਂ ਗਦਰ ਲਹਿਰ ਦਾ ਬੜੇ ਜ਼ੋਰ ਨਾਲ ਪ੍ਰਚਾਰ ਕਰ ਰਹੇ ਸਨ। ਉਹ ਗਦਰ ਪਰਚੇ ਦੀਆਂ ਕਾਪੀਆਂ ਆਪਣੇ ਚਾਚਾ ਜੀ ਨੂੰ ਕੀਨੀਆਂ ਅਫਰੀਕਾ ਵਿੱਚ ਭੇਜਦੇ ਸਨ। ਆਪ ਦਾ ਚਾਚਾ ਅੰਗ੍ਰੇਜ਼ ਸਰਕਾਰ ਦਾ ਨੌਕਰ ਸੀ। ਉਹ ਆਪਣੀ ਵਫਾਦਾਰੀ ਸਿੱਧ ਕਰਨ ਲਈ ਗਦਰ, ਪਰਚੇ ਦੇ ਪੈਕੇਟ ਜਿਉਂ ਦੇ ਤਿਉਂ ਆਪਣੇ ਅੰਗ੍ਰੇਜ ਅਫਸਰ ਨੂੰ ਦੇ ਦਿਆ ਕਰਦਾ ਸੀ।

ਉਸ ਨੇ ਸਰਾਭਾ ਨੂੰ ਪੱਤਰ ਲਿਖਿਆ ਕਿ ਮੈਨੂੰ ਤੂੰ ਕੋਈ ਪੱਤਰ ਨਾ ਪਾਇਆ ਕਰ। ਮੈਂ ਤੇਰੀ ਭੇਜੀ ਡਾਕ ਗਦਰ ਪਰਚੇ ਸਾੜ ਦੇਂਦਾ ਹਾਂ। ਅੱਗੋਂ ਜਵਾਬ ਵਿੱਚ ਨੌਜਵਾਨ ਕਰਤਾਰ ਸਿੰਘ ਇਤਰਾਜ਼ ਜਾਹਰ ਕਰਦਿਆਂ ਆਪਣੇ ਚਾਚਾ ਜੀ ਨੂੰ ਇਕ ਲੰਬਾ ਪੱਤਰ ਲਿਖਦੇ ਹਨ। ਜਿਸ ਵਿੱਚ ਲਿਖਦੇ ਹਨ ਕਿ 'ਤੁਸੀਂ ਸਿੱਖ ਹੋ। ਗੁਰੂ ਗੋਬਿੰਦ ਸਿੰਘ ਅਤੇ ਗੁਰੂ ਰਾਮ ਸਿੰਘ ਦੇ ਰਸਤੇ ਤੇ ਚੱਲੋ।" ਇਸਤਰਾਂ ਸਤਿਗੁਰੂ ਰਾਮ ਸਿੰਘ ਜੀ ਦੀਆਂ ਪਾਈਆਂ ਪੈੜਾਂ ਆਜ਼ਾਦੀ ਸੰਗਰਾਮੀਆਂ ਲਈ ਪ੍ਰੇਰਨਾ ਸ੍ਰੋਤ ਅਤੇ ਮਾਰਗ ਦਰਸ਼ਕ ਬਣੀਆਂ। ਸ਼ਹੀਦ ਭਗਤ ਸਿੰਘ , ਰਾਜਗੁਰੂ , ਸੁਖਦੇਵ ਅਤੇ ਅਜੇਹੇ ਹੋਰ ਅਨੇਕਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਅੱਗੇ ਇਸੇ ਲਈ ਸੀਸ ਝੁਕਦੇ ਹਨ।

ਉਨ੍ਹਾਂ ਦਾ ਜਿਕਰ ਹੁੰਦਿਆਂ, ਐਵੇ ਨਹੀਂ ਸੀਸ ਝੁਕਦੇ,
ਹੋਏ ਨੇ ਮਾਣ ਹਾਸਲ, ਤਲੀਆਂ ਤੇ ਸੀਸ ਧਰਕੇ॥

**ਹਰਪਾਲ ਸਿੰਘ ਸੇਵਕ**

..................................................

# ਨਾਮ ਸਿਮਰਨ ਜਪ ਪ੍ਰਯੋਗ ਦੌਰਾਨ ਕਥਾ, ਦੀਵਾਨ, ਕਵੀਸ਼ਰੀ ਅਤੇ ਵਿਖਿਆਨ

ਸਾਲ ਦੇ ਨਾਮ ਸਿਮਰਨ ਜੱਪ ਪ੍ਰਯੋਗ ਦੌਰਾਨ ਵੱਡੇ ਇਕੱਠ ਦੀਆਂ ਪਾਬੰਦੀਆਂ ਕਾਰਨ ਬਹੁਤ ਨਾਮਧਾਰੀ ਸੰਗਤ ਘਰੋ-ਘਰੀ ਹੀ (ਆਨ-ਲਾਈਨ) ਤਾਂ ਸ਼ਾਮਿਲ ਹੋਏ ਪਰ ਸ੍ਰੀ ਭੈਣੀ ਸਾਹਿਬ ਦੀ ਸੰਗਤ ਅਤੇ ਕੁੱਝ ਕੁ ਬਾਹਰਲੀ ਸੰਗਤ ਚੱਲਦੇ ਪ੍ਰੋਗਰਾਮਾਂ ਵਿੱਚ ਹਾਜ਼ਰੀ ਭਰ ਸੱਕੇ। ਰੋਜ਼ਾਨਾਂ ਅੰਮ੍ਰਿਤ ਵੇਲੇ ਆਸਾ ਦੀ ਵਾਰ, ਵਾਰਾ, ਦੁਪਹਿਰੇ ਕਥਾ, ਹੱਲੇ ਦੇ ਦੀਵਾਨ, ਕਵੀਸ਼ਰੀ ਅਤੇ ਵਿਦਵਾਨਾਂ ਦੇ ਵਿਖਿਆਨ ਹੁੰਦੇ ਰਹੇ। ਕਥਾਵਾਚਕ ਸੰਤ ਗੁਰੂਬਚਨ ਸਿੰਘ ਜੀ, ਸੰਤ ਨਿਸ਼ਾਨ ਸਿੰਘ ਜੀ, ਸੰਤ ਯਾਦਵਿੰਦਰ ਸਿੰਘ, ਸੰਤ ਭਜਨ ਸਿੰਘ, ਸੰਤ ਜਸਵੰਤ ਸਿੰਘ ਮਸਤ ਅਤੇ ਜਥੇਦਾਰ ਕਮਾਲ ਸਿੰਘ ਜੀ ਦੀ ਕਥਾ ਦਾ ਅਨੰਦ ਸੰਗਤ ਮਾਣਦੀ ਰਹੀ। ਹੱਲੇ ਦੇ ਦੀਵਾਨਾਂ ਵਿੱਚ ਜਥੇਦਾਰ ਪ੍ਰੀਤਮ ਸਿੰਘ, ਜਥੇਦਾਰ ਹਰਪਾਲ ਸਿੰਘ (ਯੂ.ਪੀ.), ਜਥੇਦਾਰ ਨਿਸ਼ਾਨ ਸਿੰਘ ਦਿੱਲੀ, ਜਥੇਦਾਰ ਮਨਜੀਤ ਸਿੰਘ ਦਿੱਲੀ ਤੋਂ ਬਿਨਾਂ ਸ੍ਰੀ ਭੈਣੀ ਸਾਹਿਬ ਦੇ ਛੋਟੇ ਬੱਚੇ ਅਤੇ ਲੜਕੀਆਂ ਨੇ ਵੀ ਹੱਲੇ ਦੇ ਦੀਵਾਨ ਸਜਾਏ। ਕਵੀਸ਼ਰੀ ਜਥੇ 1. ਗੁਰਸੇਵਕ ਸਿੰਘ, ਗੁਰਮੀਤ ਸਿੰਘ ਗੋਲਡੀ ਅਤੇ ਮੱਲ ਸਿੰਘ। 2. ਗੁਰਲਾਲ ਸਿੰਘ, ਗੁਰਭਗਤ ਸਿੰਘ ਅਤੇ ਰਣਜੀਤ ਸਿੰਘ। 3. ਕਾਕਾ ਵਰਿੰਦਰ ਸਿੰਘ, ਵੀਰ ਸਿੰਘ, ਰਸ਼ਪਾਲ ਸਿੰਘ ਅਤੇ ਗੰਗਾ ਸਿੰਘ। ਇਹ ਕਵੀਸ਼ਰੀ ਜਥੇ ਗੁਰ-ਇਤਿਹਾਸ ਕਵੀਸ਼ਰੀ ਪ੍ਰਸੰਗਾਂ ਦੁਆਰਾ ਗਾ ਕੇ ਸੰਗਤਾ ਨੂੰ ਨਿਹਾਲ ਕਰਦੇ ਰਹੇ।

ਇਸ ਤੋਂ ਬਿਨਾਂ ਨਾਮਧਾਰੀ ਪੰਥ ਦੇ ਪ੍ਰਸਿੱਧ ਵਿਦਵਾਨ ਅਤੇ ਖੋਜੀ ਸ੍ਰ. ਸੁਵਰਨ ਸਿੰਘ ਵਿਰਕ, ਸੇਵਕ ਹਰਪਾਲ ਸਿੰਘ ਅਤੇ ਸੁਖਵਿੰਦਰ ਸਿੰਘ ਲਾਇਲ ਨੇ ਵਿਸ਼ੇਸ਼ ਕਰਕੇ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਬਾਰੇ ਰੋਚਕ ਭਾਸ਼ਣ ਦਿੱਤੇ। ਜੱਪ-ਪ੍ਰਯੋਗ ਦੌਰਾਨ ਹੋਏ ਇਹ ਸਾਰੇ ਪ੍ਰੋਗਰਾਮ ਕਥਾ, ਵਿਖਿਆਨ ਆਦਿ Sri Bhaini Sahib live stream youtube ਤੇ ਸੰਗਤਾਂ ਸਰਵਣ ਕਰ ਸਕਦੀਆਂ ਹਨ।

**ਹਰਪਾਲ ਸਿੰਘ ਸੇਵਕ**

..................................................

# ਸੰਤ ਪੂਰਨ ਸਿੰਘ ਅਤੇ ਰਾਗੀ ਮੋਹਨ ਸਿੰਘ ਦੀ ਯਾਦ ਵਿੱਚ ਮੇਲਾ

**ਸ੍ਰੀ ਭੈਣੀ ਸਾਹਿਬ** **30 ਸਿਤੰਬਰ 2020:**

ਅੱਜ ਦਾ ਪੂਰੇ ਦਿਨ ਦਾ ਮੇਲਾ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਵੱਲੋਂ ਆਪਣੇ ਨਾਨਾ ਸੰਤ ਪੂਰਨ ਸਿੰਘ ਜੀ ਅਤੇ ਮਾਮਾ ਰਾਗੀ ਮੋਹਨ ਸਿੰਘ ਦੀ ਯਾਦ ਵਿੱਚ ਕਰਵਾਇਆ ਗਿਆ। ਨਾਮ ਸਿਮਰਨ ਦੌਰਾਨ ਪੰਜ ਪਾਠਾਂ ਦੇ ਭੋਗ ਪਾਏ ਗਏ। ਇੱਕ-ਇੱਕ ਪਾਠ-

ਸੰਤ ਪੂਰਨ ਸਿੰਘ ਦੀ ਯਾਦ ਵਿੱਚ
ਰਾਗੀ ਮੋਹਨ ਸਿੰਘ ਦੀ ਯਾਦ ਵਿੱਚ
ਮਾਤਾ ਬਲਬੀਰ ਕੌਰ ਦੀ ਯਾਦ ਵਿੱਚ,
ਬੀਬੀ ਸੁਰਿੰਦਰ ਕੌਰ ਦੀ ਯਾਦ ਵਿੱਚ

ਬੀਬੀ ਹਰਜਿੰਦਰ ਕੌਰ ਦੀ ਦੇਹ ਅਰੋਗਤਾ ਨਮਿੱਤ ਭੋਗ ਪਾਏ ਗਏ।

ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਵਿਸਥਾਰ ਸਹਿਤ ਸੰਤ ਪੂਰਨ ਸਿੰਘ ਜੀ ਅਤੇ ਆਪ ਦੇ ਪਰਿਵਾਰ ਬਾਰੇ ਦੱਸਿਆ। ਆਪ ਦੇ ਵਿਖਿਆਨ ਦਾ ਸੰਖੇਪ ਸਾਰ ਹੈ:

ਆਤਮ ਰਸ ਜਿਹ ਜਾਨ ਹੀ ਸੋ ਹੈ ਆਤਮ ਦੇਵ॥
ਪ੍ਰਭ ਮੈ, ਮੋ ਮਹਿ ਤਾਸ ਮੈ, ਰੰਚਕ ਨਾਹੀ ਭੇਦ॥

ਸਰਬ ਲੋਹ ਗ੍ਰੰਥ ਰਚਿਤ ਦਸਮ ਪਾਤਸ਼ਾਹ ਦਾ ਵਾਕ- ਉਹ ਸੰਤ ਜਨਾਂ ਗੁਰੂ ਪਿਆਰਿਆਂ ਦੀ ਕਥਾ ਬਿਆਨ ਕਰਦਾ ਹੈ -ਆਦਿ ਗੁਰਬਾਣੀ ਵਿੱਚ ਵੀ ਗੁਰੂ ਸਾਹਿਬ ਦਾ ਫੁਰਮਾਨ ਹੈ

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਿਜੇ ਮਾਣੁ॥
ਨਾਨਕ ਧਨਿ ਧਨਿ ਧੰਨਿ ਜਨ ਆਏ ਸੇ ਪਰਵਾਣੁ॥

ਗੁਰਬਾਣੀ ਵਿੱਚ ਵਰਣਿਤ ਅਜਿਹੀਆਂ ਸਿਫਤਾਂ ਵਾਲੇ ਪੂਰਨ ਸੰਤ- ਸਤਿਗੁਰੂ ਰਾਮ ਸਿੰਘ ਜੀ ਦੀ ਫੁਲਵਾੜੀ ਦੇ ਮਹਿਕਾਂ ਭਰੇ ਫੁੱਲ ਸੰਤ ਪੂਰਨ ਸਿੰਘ ਜੀ ਮੋਰੋਂ ਵਾਲੇ ਜਿਨ੍ਹਾਂ ਨੂੰ ਸੰਤ ਪੂਰਨ ਸਿੰਘ ਜੀ ਮਸਤਾਨਾ ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੇ ਨਮਿੱਤ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਦੀ ਯਾਦ ਵਿੱਚ ਧਰਮ ਪਤਨੀ ਮਾਤਾ ਬਲਬੀਰ ਕੌਰ, ਪੁੱਤਰੀ ਬੀਬੀ ਸੁਰਿੰਦਰ ਕੌਰ ਜੀ ਅਤੇ ਪੁੱਤਰ ਹਜ਼ੂਰੀ ਰਾਗੀ ਉਸਤਾਦ ਮੋਹਨ ਸਿੰਘ ਜੀ ਦੇ ਨਮਿੱਤ ਪਾਠਾਂ ਦੇ ਭੋਗ ਪਏ ਹਨ।

ਸੰਤ ਪੂਰਨ ਸਿੰਘ ਜੀ ਉਨ੍ਹਾਂ ਵਿਰਲੇ ਵਡਭਾਗੇ ਸਿੱਖਾਂ ਵਿੱਚੋਂ ਹਨ ਜਿਨ੍ਹਾਂ ਨੂੰ- ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ। ਆਪ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਨੇ ਬਾਹੋਂ ਫੜ ਕੇ ਭੈਣੀ ਸਾਹਿਬ ਲਿਆਉਣ ਵਾਲੀ ਗੱਲ ਕੀਤੀ। ਜਿਵੇਂ ਬਾਬਾ ਬੁੱਢਾ ਸਾਹਿਬ ਜੀ ਵਾਂ ਵਾਲੇ, ਬਿਜਲੀਪੁਰ ਦੇ ਬਾਬਾ ਗਿਆਨ ਦਾਸ ਜੀ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਜੀ ਆਦਿ ਨੂੰ ਸਤਿਗੁਰੂ ਰਾਮ ਸਿੰਘ ਸੱਚੇਪਾਤਸ਼ਾਹ ਜੀ ਨੇ ਕਿਵੇਂ ਆਪ ਪ੍ਰੇਰਣਾਂ ਦੇ ਕੇ ਸ੍ਰੀ ਭੈਣੀ ਸਾਹਿਬ ਲਿਆਂਦਾ ਅਤੇ ਨਾਮ ਨਾਲ, ਸਿੱਖੀ ਨਾਲ ਅਤੇ ਆਪਣੇ ਚਰਨਾਂ ਨਾਲ ਜੋੜਿਆ। ਸੰਤ ਪੂਰਨ ਸਿੰਘ ਜੀ ਇੱਕ ਸਰਦਾਰ ਪਰਿਵਾਰ ਵਿੱਚੋਂ ਭਜਨ ਪੁੱਛ ਕੇ ਨਾਮ ਰੰਗ ਵਿੱਚ ਐਸੇ ਰੰਗੇ ਗਏ ਕਿ ਸਰਦਾਰੀ ਖੁਆਰੀ ਜਾਪੀ, ਮਸਤ ਰਹਿਣ ਲੱਗੇ। ਫੇਰ ਘਰ ਪਰਿਵਾਰ ਵੱਲ ਨਹੀਂ ਵੇਖਿਆ।

ਸੰਤ ਪੂਰਨ ਸਿੰਘ ਜੀ ਉਨ੍ਹਾਂ ਮਨੁੱਖਾਂ 'ਚੋਂ ਸਨ ਜਿਨ੍ਹਾਂ ਬਾਰੇ ਗੁਰਬਾਣੀ ਦਾ ਵਾਕ ਹੈ-

ਸਤੁ ਸੰਤੋਖੁ ਹੋਵੈ ਅਰਦਾਸਿ
ਤਾ ਸੁਣਿ ਸਦਿ ਬਹਾਲੇ ਪਾਸਿ॥

ਜਿਵੇਂ ਮਾਤਾ ਅਤੇ ਪਿਤਾ ਤੋਂ ਬਿਨਾਂ ਬੱਚੇ ਦਾ ਜਨਮ ਨਹੀਂ ਹੋ ਸਕਦਾ, ਇਸੇ ਤਰ੍ਹਾਂ ਸਤਿ ਅਤੇ ਸੰਤੋਖ ਤੋਂ ਬਿਨਾਂ ਸੰਤ ਨਹੀਂ ਹੋ ਸਕਦਾ। ਇਹਨਾਂ ਦੋ ਗੁਣਾਂ ਤੋਂ ਬਿਨਾਂ ਸੰਤ ਦੀ ਹੋਂਦ ਦੀ ਉਪਜ ਹੀ ਨਹੀਂ ਹੁੰਦੀ। ਸੰਤ ਪੂਰਨ ਸਿੰਘ ਜੀ ਉਹ ਖਾਲਸੇ ਬਣ ਗਏ ਜਿਨ੍ਹਾਂ ਬਾਰੇ ਕਬੀਰ ਜੀ ਲਿਖਦੇ ਹਨ-

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ।

ਸੰਤ ਪੂਰਨ ਸਿੰਘ ਜੀ ਨਾਮ ਰੰਗ ਵਿੱਚ ਰੰਗੀ ਪ੍ਰੇਮ ਪਰੁੱਚੀ ਸ਼ਖ਼ਸੀਅਤ ਸਨ ਵੱਡੇ-ਛੋਟੇ, ਅਮੀਰ ਗ਼ਰੀਬ ਸਭ ਨੂੰ ਗਲੇ ਮਿਲ ਆਖਣਾ- ਵਾਹੁ ਵਾਹੁ ਆਏ ਹੋ, ਜੀਓ ਆਇਆਂ ਨੂੰ ਬੜੀ ਕਿਰਪਾ ਕੀਤੀ ਜੇ। ਸੰਤ ਜੀ ਸਤਿਗੁਰੂ ਸੱਚੇ ਪਾਤਸ਼ਾਹ ਦੇ ਵਿਸ਼ਵਾਸ ਪਾਤਰ ਅਤੇ ਗੁਰੂ ਚਰਨਾਂ ਤੇ ਪੂਰਨ ਤੌਰ 'ਤੇ ਸਮਰਪਿਤ ਸਨ।

ਇੱਕ ਵੇਰ ਸੰਤ ਜੀ ਐਬਟਾਬਾਦ (ਹੁਣ ਪਾਕਿਸਤਾਨ) ਗਏ। ਉਥੇ ਇੱਕ ਮੌਲਵੀ ਕਹਿ ਰਿਹਾ ਸੀ ਕਿ ਗੁਰੂ ਨਾਨਕ ਦੇਵ ਮੁਸਲਮਾਨ ਸਨ- ਇਸੇ ਲਈ ਉਹ ਮੱਕੇ ਦੀ ਜ਼ਿਆਰਤ ਕਰਨ ਗਏ ਸਨ। ਤੁਸੀਂ ਵੀ ਜੇ ਕਲਿਆਣ ਚਾਹੁੰਦੇ ਹੋ ਤਾਂ ਮੁਹੰਮਦ ਸਾਹਿਬ ਦੀ ਸ਼ਰਨ ਵਿੱਚ ਆ ਜਾਉ। ਉਸਦੇ ਦੁਆਲੇ ਜੁੜੀ ਭੀੜ ਵਿੱਚ ਸੰਤ ਪੂਰਨ ਸਿੰਘ ਜੀ ਨੇ ਮਸਤੀ ਵਿੱਚ ਬਾਂਹ ਖੜ੍ਹੀ ਕਰਕੇ ਕੂਕਿਆਂ ਵਾਲੀ ਕੂਕ ਮਾਰੀ ਤਾਂ ਸਾਰੇ

ਸੁੰਨ-ਸਾਨ ਹੋ ਗਏ। ਸੰਤ ਜੀ ਨੇ ਕਿਹਾ ਕਿ ਗੁਰੂ ਨਾਨਕ ਕਿਸੇ ਇੱਕ ਧਰਮ, ਜਾਤ, ਦੇਸ਼ ਜਾਂ ਕੌਮ ਦੇ ਬੰਧਨਾਂ ਤੋਂ ਮੁਕਤ ਹੈ। ਗੁਰੂ ਨਾਨਕ ਸਭ ਦਾ ਹੈ, ਸਭ ਉਸਦੇ ਹਨ। ਗੁਰੂ ਨਾਨਕ, ਨਾਮ ਦਾ ਰੂਪ ਅਤੇ ਪ੍ਰੇਮ ਦਾ ਸੋਮਾ ਹੈ। ਇਸ ਲਈ ਗੁਰੂ ਨਾਨਕ ਤੱਕ ਪੁੱਜਣ ਲਈ ਪ੍ਰੇਮ ਹੀ ਇੱਕੋ ਇੱਕ ਮਾਰਗ ਹੈ, ਸਾਰੇ ਧਰਮਾਂ, ਦੇਸ਼ਾਂ ਦੇ, ਮਨੁੱਖਾਂ, ਜੀਵਾਂ-ਜੰਤਾ ਅਤੇ ਸਮੁੱਚੀ ਕਾਇਨਾਤ ਲਈ ਪ੍ਰੇਮ ਅਤੇ ਭਗਤੀ ਹੀ ਗੁਰੂ ਨਾਨਕ ਦੇਵ ਜੀ ਦਾ ਸਦ-ਉਪਦੇਸ਼ ਹੈ। ਜਿਸ ਹਿਰਦੇ ਵਿੱਚ ਪ੍ਰੇਮ ਨਹੀਂ ਸੰਕੀਰਨਤਾ ਹੈ, ਉਹ ਕਿਸੇ ਵੀ ਧਰਮ ਮਾਰਗ ਰਾਹੀਂ ਪ੍ਰਮਾਤਮਾ ਤੱਕ ਨਹੀਂ ਪੁੱਜ ਸਕਦੇ। ਸੰਤ ਪੂਰਨ ਸਿੰਘ ਜੀ ਦੇ ਲਾਏ ਬੂਟੇ ਸੰਤ ਹਰਨਾਮ ਸਿੰਘ ਜੀ, ਸੰਤ ਦਰਸ਼ਨ ਸਿੰਘ, ਸੰਤ ਭਗਤ ਸਿੰਘ ਵਰਗੇ ਸਾਧੂ ਸਰਦਾਰੀ ਛੱਡ ਕੇ ਜੀਵਨ ਭਰ ਗੁਰੂ ਕੇ ਲੰਗਰ ਦੀ ਸੇਵਾ ਕਰਦੇ ਰਹੇ।

ਜਿਵੇਂ ਸੰਤ ਜੀ ਦੇ ਸਜਾਏ ਸਿੱਖ ਮਹਾਨ ਸਾਧੂ ਹੋਏ ਉਵੇਂ ਹੀ ਆਪ ਦੇ ਆਪਣੇ ਸਪੁੱਤਰ ਸੰਤ ਮੋਹਨ ਸਿੰਘ ਜੀ ਹਜ਼ੂਰੀ ਰਾਗੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਨਾਲ ਰਾਗ ਸਿੱਖਿਆ ਅਤੇ ਬਿਨਾਂ ਕਿਸੇ ਵਿਤਕਰੇ, ਬਿਨਾਂ ਕਿਸੇ ਲੋਭ, ਰਾਗ ਦੀ, ਗੁਰਬਾਣੀ ਕੀਰਤਨ ਸਿਖਾਉਣ ਦੀ ਸੇਵਾ ਉਮਰ ਭਰ ਨਿਭਾਈ। ਸੰਤ ਜੀ ਦੀ ਧਰਮ-ਪਤਨੀ ਬੀਬੀ ਬਲਬੀਰ ਕੌਰ ਜੀ ਸੇਵਾ ਦੀ ਮੂਰਤ ਸੀ ਜਿਥੇ ਸੰਤ ਜੀ ਨੇ ਜਿੱਥੇ ਨਾਮ ਦੀ ਦਾਤ ਦਾ ਲੰਗਰ ਲਾਇਆ ਉੱਥੇ ਬੀਬੀ ਜੀ ਨੇ ਘਰ ਵਿੱਚ ਅੰਨ ਪਾਣੀ ਦਾ ਲੰਗਰ ਲਾਇਆ ਹੋਇਆ ਸੀ। ਸ਼ਰਧਾ ਅਤੇ ਪ੍ਰੇਮ ਭਾਵਨਾ ਨਾਲ ਹਰ ਆਏ ਗੁਰਸਿੱਖ ਦੀ, ਅਤਿਥੀ ਦੀ ਸੇਵਾ ਆਪਣੇ ਪਰਿਵਾਰ ਦੇ ਜੀਆਂ ਵਾਂਗ ਕਰਦੇ। ਆਪ ਦੀ ਸਪੁੱਤਰੀ ਬੀਬੀ ਸੁਰਿੰਦਰ ਕੌਰ ਜੀ ਨੂੰ ਜਿੱਥੇ ਸੰਤ ਪੂਰਨ ਸਿੰਘ ਦੀ ਸਪੁੱਤਰੀ ਅਤੇ ਸੰਤ ਮੋਹਣ ਸਿੰਘ ਜੀ ਦੀ ਭੈਣ ਹੋਣ ਦਾ ਮਾਣ ਹਾਸਲ ਹੈ ਉੱਥੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆਂ ਅਪਾਰ ਬਖ਼ਸ਼ਿਸ਼ਾਂ ਦੇ ਪਾਤਰ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਦੇ ਮਾਤਾ ਹੋਣ ਦਾ ਮਾਣ ਹਾਸਲ ਹੈ। ਜਿਵੇਂ ਕਿਸੇ ਫਲ ਤੋਂ ਉਸ ਰੁੱਖ ਦੀ ਪਹਿਚਾਣ ਹੁੰਦੀ ਹੈ ਉਸੇ ਤਰ੍ਹਾਂ ਬੀਬੀ ਸੁਰਿੰਦਰ ਕੌਰ ਦੇ ਪੁੱਤਰ, ਪੋਤਰੇ, ਪੁੱਤਰੀਆਂ ਦਾ ਗੁਰਮੁਖੀ ਜੀਵਨ ਹੀ ਬੀਬੀ ਜੀ ਦੇ ਗੁਰਸਿੱਖੀ ਜੀਵਨ ਦੀ ਪਹਿਚਾਣ ਹਨ। ਇਹ ਸੰਤ ਪੂਰਨ ਸਿੰਘ ਜੀ, ਬੀਬੀ ਬਲਬੀਰ ਕੌਰ ਜੀ ਦਾ ਖਿੜਿਆ, ਵਿਗਸਿਆ ਬਾਗ ਪਰਿਵਾਰ ਵੀ ਧੰਨਤਾ ਦੇ ਯੋਗ ਹੈ। ਉਹ ਸਤਿਗੁਰੂ ਜਿਸ ਨੇ ਅਜੇਹੇ ਸਾਧੂ ਸੰਤ ਸਾਜੇ-ਨਿਵਾਜੇ-

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ।

ਸੋ ਸਤਿਗੁਰੁ ਵਾਹੁ ਵਾਹੁ ਜਿਨ ਹਰਿ ਸਿਉ ਜੋੜਿਆ॥

ਸੰਤ ਜੀ ਦੇ ਵਿਧਵਤਾ ਅਤੇ ਜਾਣਕਾਰੀ ਭਰਪੂਰ ਵਿਖਿਆਨ ਉਪਰੰਤ ਹਜ਼ੂਰੀ ਰਾਗੀ ਜਥੇ ਨੇ ਸੰਤ ਹਰਬੰਸ ਸਿੰਘ ਘੁੱਲਾ ਦੀ ਅਗੁਆਈ ਵਿੱਚ ਇਲਾਹੀ ਬਾਣੀ ਦਾ ਕੀਰਤਨ ਕੀਤਾ। ਆਪ ਦੇ ਸਾਥੀ ਰਾਗੀ ਨੌਜੁਆਨ ਸਰਵ ਸ੍ਰੀ ਸਤਨਾਮ ਸਿੰਘ, ਸਰਮੁੱਖ ਸਿੰਘ, ਸ਼ਾਮ ਸਿੰਘ, ਪਿਆਰਾ ਸਿੰਘ, ਬਸੰਤ ਸਿੰਘ, ਸੰਤਾ ਸਿੰਘ ਅਤੇ ਤਬਲੇ ਤੇ ਸੰਗਤ ਸ੍ਰੀ ਹਰਪ੍ਰੀਤ ਸਿੰਘ ਸੋਨੂੰ ਜੀ ਨੇ ਕੀਤੀ। ਆਪ ਨੇ ਪਹਿਲੋਂ ਸ਼ਬਦ ਗਾਇਨ ਕੀਤਾ:

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥

ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥

ਦੂਸਰਾ ਸ਼ਬਦ ਗਾਇਣ ਕੀਤਾ:

ਸੰਤਨ ਬਿਨੁ ਅਵਰੁ ਨ ਦਾਤਾ ਬੀਆ॥

ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ॥

ਸੰਤ ਬਲਵੰਤ ਸਿੰਘ ਜੀ ਪਰਿਵਾਰ ਵੱਲੋਂ ਜਲੇਬੀਆਂ, ਖੀਰ ਅਤੇ ਮਟਰ ਪਨੀਰ ਆਦਿ ਪਦਾਰਥਾਂ ਦੇ ਲੰਗਰ ਦੀ ਸੇਵਾ ਕੀਤੀ ਗਈ।

..........................................................

## ਭੁੱਲ ਦੀ ਖ਼ਿਮਾ

**ਪਿਛਲੇ ਪਰਚਾ 'ਨੰਬਰ 17' ਵਿੱਚ ਸੁਵਰਨ ਸਿੰਘ ਵਿਰਕ ਜੀ ਦੇ ਲੇਖ 'ਸੰਤ ਗੁਲਜ਼ਾਰ ਸਿੰਘ ਸੇਵਕ ਦਾ ਅਕਾਲ ਚਲਾਣਾ' ਵਿੱਚ 19 ਨੰਬਰ ਪੇਜ 'ਤੇ 'ਸੰਕਟਾਂ' ਦੀ ਥਾਂ 'ਸੰਗਤਾਂ' ਤੇ ਪੰਨਾ ਨੰਬਰ 20 'ਤੇ 'ਰੋੜਿਆਂ' ਦੀ ਥਾਂ 'ਅਰੋੜਿਆਂ' ਅਤੇ 'ਘੁੱਟ' ਦੀ ਥਾਂ ਤੇ 'ਕੁੱਟ' ਛਪ ਗਿਆ ਹੈ। ਇਹਨਾਂ ਗਲਤੀਆਂ ਲਈ ਅਸੀਂ ਸੰਗਤ ਤੋਂ ਖ਼ਿਮਾ ਮੰਗਦੇ ਹਾਂ।**

**ਅਦਾਰਾ ਸਤਿਜੁਗ**

# ਮਾਤਾ ਸੁਰਿੰਦਰ ਕੌਰ ਨਮਿੱਤ ਪਾਠ ਦਾ ਭੋਗ

**15 ਅਕਤੂਬਰ 2020 ਸ੍ਰੀ ਭੈਣੀ ਸਾਹਿਬ:**




ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਮਾਤਾ ਸੁਰਿੰਦਰ ਕੌਰ ਸੁਪਤਨੀ ਸੰਤ ਅਮਰੀਕ ਸਿੰਘ ਜਲੰਧਰ ਨਿਵਾਸੀ ਨਮਿੱਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਹੋਈ।

ਮਾਤਾ ਜੀ ਦਾ ਪੇਕਾ ਪਰਿਵਾਰ ਭਾਵੇਂ ਗੈਰ ਨਾਮਧਾਰੀ ਸੀ ਪਰ ਟਕਸਾਲੀ ਨਾਮਧਾਰੀ ਪਰਿਵਾਰ ਵਿੱਚ ਵਿਆਹ ਹੋਣ ਉਪਰੰਤ ਮਾਤਾ ਜੀ ਨਾਮ-ਬਾਣੀ ਦੇ ਨਿਤਨੇਮੀ ਅਤੇ ਰਹਿਤ ਮਰਿਯਾਦਾ ਦੇ ਪੱਕੇ ਧਾਰਣੀ ਬਣ ਗਏ। ਮਾਤਾ ਜੀ ਦਾ ਇੱਕ ਭਰਾ ਵੀ ਨਾਮਧਾਰੀ ਸਿੱਖ ਸੱਜ ਗਿਆ। 73 ਵਰ੍ਹਿਆਂ ਦੀ ਉਮਰ ਤੱਕ ਮਾਤਾ ਜੀ ਦਾ ਅੰਮ੍ਰਿਤ ਵੇਲੇ ਦੋ-ਤਿੰਨ ਵਜੇ ਉੱਠ, ਇਸ਼ਨਾਨ ਕਰਕੇ, ਨਾਮ-ਸਿਮਰਨ ਵਿੱਚ ਲੀਨ ਹੋ ਜਾਣਾ, ਦਿਨ ਚੜ੍ਹੇ ਗੁਰਬਾਣੀ ਪਾਠ ਕਰਕੇ ਘਰ ਦਾ ਕਾਰ ਵਿਹਾਰ ਕਰਨਾ।

ਮਾਤਾ ਜੀ ਦੇ ਦੋ ਪੁੱਤਰ ਅਤੇ ਇੱਕ ਸਪੁੱਤਰੀ ਜਤਿੰਦਰ ਸਿੰਘ, ਗੁਰਮੇਲ ਸਿੰਘ ਅਤੇ ਸਰਬਜੀਤ ਕੌਰ ਹਨ। ਜਤਿੰਦਰ ਸਿੰਘ ਦਸਦੇ ਹਨ ਕਿ ਸਾਨੂੰ ਨਾਮ-ਬਾਣੀ ਵੱਲ ਪ੍ਰੇਰਨ ਅਤੇ ਗੁਰੂ ਘਰ ਪ੍ਰਤੀ ਆਸਥਾ ਸਾਡੀ ਮਾਤਾ ਦੀ ਦੇਣ ਹੈ। ਮਾਤਾ ਜੀ ਦਾ ਸੁਭਾਅ ਸੀ ਕਿ ਘਰ ਆਏ ਸਵਾਲੀ ਨੂੰ ਕਦੇ ਖਾਲੀ ਨਹੀਂ ਮੋੜਨਾ।ਸੰਤ ਅਮਰੀਕ ਸਿੰਘ ਜੀ ਨੂੰ ਗਊਆਂ ਰੱਖਣ ਦਾ ਸ਼ੌਂਕ ਹੈ। ਇੱਕ ਵੇਰ ਏਨ੍ਹਾਂ ਪਾਸ ਇੱਕ ਸਾਹੀਵਾਲ ਗਊ ਸੀ ਜੋ ਰੋਜ਼ਾਨਾ 25 ਕਿਲੋ ਦੁੱਧ ਦੇਂਦੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪਤਾ ਲੱਗਿਆ ਤਾਂ ਬਹੁਤ ਖੁਸ਼ੀਆਂ ਬਖਸ਼ੀਆਂ। ਸਰਕਾਰੀ ਫਾਰਮ ਵਾਲੇ ਇਸੇ ਗਊ ਦਾ ਵੱਛਾ ਸਵਾ ਲੱਖ ਦਾ ਲੈ ਕੇ ਗਏ। ਫੇਰ ਸੰਤ ਅਮਰੀਕ ਸਿੰਘ ਜੀ ਨੇ ਇਹ ਗਊ ਸ੍ਰੀ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਭੇਟ ਕਰ ਦਿੱਤੀ।

ਘਰ ਵਿੱਚ ਦੁੱਧ ਬਹੁਤ ਹੁੰਦਾ ਇਸ ਲਈ ਘਰ ਦੀ ਲੋੜ ਤੋਂ ਵਾਧੂ ਦੁੱਧ ਵੇਚ ਦੇਂਦੇ, ਆਂਢੀ-ਗੁਆਂਢੀ ਖਾਸ ਕਰਕੇ ਬੱਚਿਆਂ ਵਾਲਿਆਂ ਨੂੰ ਦੁੱਧ ਦੇਂਦੇ। ਮਾਤਾ ਸੁਰਿੰਦਰ ਕੌਰ ਨੇ ਕਦੇ ਕਿਸੇ ਨੂੰ ਦੁੱਧ ਮਿਣ-ਤੋਲ ਕੇ ਨਹੀਂ ਦਿੱਤਾ। ਹਰ ਇੱਕ ਨੂੰ ਸਵਾਇਆ, ਡਿਓੜਾ ਪਾ ਦੇਣਾ। ਲੌਕ ਡਾਊਨ ਦੌਰਾਨ ਜੇ ਕੁਝ ਗਰੀਬਾਂ ਨੇ ਕਿਹਾ ਕਿ ਸਾਡਾ ਦੁੱਧ ਬੰਦ ਕਰ ਦਿਉ, ਕੰਮ ਬੰਦ ਹਨ, ਪੈਸੇ ਸਾਡੇ ਪਾਸ ਨਹੀਂ ਹਨ ਤਾਂ ਮਾਤਾ ਜੀ ਨੇ ਕਿਹਾ ਦੁੱਧ ਬੰਦ ਨਹੀਂ ਕਰਨਾ, ਪੈਸਿਆਂ ਦੀ ਕੋਈ ਗਲ ਨਹੀਂ। ਤੁਸੀਂ ਬੱਚਿਆਂ ਲਈ ਦੁੱਧ ਲਈ ਜਾਉ। ਘਰ ਵਿੱਚ ਜਥੇਦਾਰਾਂ ਨੂੰ ਸੱਦ ਕੇ ਦੀਵਾਨ ਲਵਾਉਣੇ, ਸ੍ਰੀ ਭੈਣੀ ਸਾਹਿਬ ਗੁਰੂ ਕੇ ਲੰਗਰ ਵਿੱਚ ਰਸਤ ਪਾਉਣੀ ਅਤੇ ਬਰਤਨ ਭੇਟ ਕਰਨੇ ਮਾਤਾ ਜੀ ਦੀ ਰੀਝ ਹੁੰਦੀ ਸੀ। ਘਰ ਆਏ ਸਿੱਖਾਂ-ਸਾਧਾਂ ਦੀ ਆਪਣੇ ਸਕੇ ਸਨਬੰਧੀਆਂ ਨਾਲੋਂ ਵੱਧ ਪ੍ਰੇਮ ਨਾਲ ਸੇਵਾ ਕਰਨੀ। ਇਸੇ ਕਰਕੇ ਮਾਤਾ ਜੀ ਦੇ ਭੋਗ ਸਮੇਂ ਜਲੰਧਰ ਦੀ ਸਾਰੀ ਨਾਮਧਾਰੀ ਸੰਗਤ ਸ੍ਰੀ ਭੈਣੀ ਸਾਹਿਬ ਹਾਜ਼ਰ ਹੋਈ।

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਦਿ ਗੁਰਬਾਣੀ ਦੇ 7 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਪਰਿਵਾਰ ਵੱਲੋਂ ਲੰਗਰ ਵਾਸਤੇ ਕਰੀਬ 250ਸੈੱਟ ਥਾਲੀਆਂ, ਗਲਾਸ ਆਦਿ ਭੇਟ ਕੀਤੇ ਗਏ। ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਖੁਸ਼ੀਆਂ ਬਖਸ਼ੀਆਂ। ਜੀਵਨ ਦੇ ਸੱਤ ਦਹਾਕੇ ਪੂਰੇ ਕਰ, ਪੁੱਤਰ, ਪੋਤਰਿਆਂ, ਧੀਆਂ, ਦੋਹਤਰਿਆਂ, ਦੋਹਤਰੀਆਂ ਵਾਲੇ ਵੱਡੇ ਬਾਗ ਪਰਿਵਾਰ ਵਾਲੀ ਮਾਤਾ ਗੁਰਮੁਖਾਂ ਵਾਂਗ ਜੀਵਨ ਬਿਤਾ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

**– ਹਰਪਾਲ ਸਿੰਘ ਸੇਵਕ**

---

## ਜਪ-ਪ੍ਰਯੋਗ ਦੌਰਾਨ- ਸੇਵਾ ਦੀਆਂ ਝਲਕੀਆਂ



Date of Publication: 4-11-2020,
Date of Posting: 05-06 Nov. 2020

RNI NO. 55658/93 Delhi Postal Regd. No. DL(W) 01/2055/18-20



ਸ੍ਰੀ ਭੈਣੀ ਸਾਹਿਬ ਵਿਖੇ: ਧੂਪ,ਦੀਪ, ਕੁੰਭ ਅਤੇ ਜਪੁਜੀ ਸਾਹਿਬ ਦੀ ਵਰਨੀ ਸੰਯੁਕਤ ਅਖੰਡ ਪਾਠਾਂ ਦਾ ਚਲਦਾ ਨਿਰੰਤਰ ਪ੍ਰਵਾਹ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.